ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SATJUG**

1920 ਤੋਂ ਸਾਲ 98 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ


੧ ਤੋਂ ੧੫ ਕੱਤਕ ੨੦੭੫

17 To 31 Oct. 2018

ਜਿਲਦ 26

ਨੰਬਰ 24

Total Pages 60






ਸ੍ਰੀ ਸਤਿਗੁਰੂ ਜੀ, ਸੰਤ ਜਗਤਾਰ ਸਿੰਘ ਜੀ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਤਿਹਾਸਕ ਪੇਟਿੰਗ: ਵਿਸ਼ਵ ਪ੍ਰਸਿਧ ਆਰਟਿਸਟ ਸ੍ਰੀ ਆਰ.ਐਮ.ਸਿੰਘ ਦਾ ਤਿਆਰ ਕੀਤਾ– ਗੋਲ ਮੰਦਰ ਵਿੱਚ ਸਥਾਪਿਤ ਕੀਤੀ ਗਈ ਅਤੇ ਸ੍ਰੀ ਸਤਿਗੁਰੂ ਜੀ ਨਿਹਾਰਦੇ ਹੋਏ।

# ਸਤਿਜੁਗ

੧ ਤੋਂ ੧੫ ਕੱਤਕ ੨੦੭੫ ਬ੍ਰਿ.
17 ਤੋਂ 31 ਅਕਤੂਬਰ 2018 ਈ:
ਜਿਲਦ 26, ਵੀਰਵਾਰ ਨੰਬਰ 24

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

**Editorial Board:**

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
Date of Publication: 24-10-2018,
Date of Posting: 25-26 Oct. 2018
Posted at PSO New Delhi-110001

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

**Account Name: Vishav Namdhari Sangat**
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 100$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 400$ ਡਾਲਰ

**Designed and Typeset**
**Vishav Namdhari sangat, Sri Bhaini sahib**

satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099,
70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015

# ਤਤਕਰਾ

* ਸੰਪਾਦਕੀ-- ਸੇ ਧੰਨੁ, ਸੇ ਧੰਨੁ......
ਸੇਵਕ ਹਰਪਾਲ ਸਿੰਘ....................................4

* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ..............................7

* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ..............................7

* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ..................................7

* ਗੁੰਮਨਾਮ ਗਦਰੀ ਸ਼ਹੀਦ ਆਤਮਾ ਰਾਮ
ਡਾ. ਗੁਰਦੇਵ ਸਿੰਘ ਸਿੱਧੂ ......................................10

* ਨਾਮਧਾਰੀ ਪੰਥ: ਯਾਦਾਂ ਤੇ ਪਰਛਾਂਵੇਂ
ਗੁਰਭਜਨ ਗਿੱਲ..................................................12

* ਜਪ ਪ੍ਰਯੋਗ
ਪੰ. ਯਾਦਵਿੰਦਰ ਸਿੰਘ...........................................15

* ਦੁਸਿਹਰਾ: ਕਾਸ਼! ਅਸੀਂ ਉਥੇ ਹੀ ਖੜ੍ਹੇ ਰਹਿੰਦੇ
ਜਸਵੰਤ ਸਿੰਘ ਮਸਤ..........................................17

* *Kidney Diseases In INDIA*
*Dr. Bakhshish Singh................................................19*

* *Remembering The Lord*
*'Discorses' Sri Satguru Jagjit Singh ji .......................20*

* *A Saga Of Sri Satguru Jagjit Singh ji*
*Dr. Sharada Jayagovind.........................................22*

* *Bed Of Stand*
*Ajmer Singh...............................................................24*

* ਕਾਵਿ ਕਿਆਰੀ .........................................................27

* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ........ਸਿਆਮ ਦੌਰੇ
ਸੰਤ ਇਕਬਾਲ ਸਿੰਘ ਮਨਚੰਦਾ..................28

* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ..............................30

* ਸੁੱਚੇ ਮੋਤੀ ...........................................................33

* ਬੱਚਿਆਂ ਦਾ ਪੰਨਾ.....................................................34

* ਖ਼ਬਰਨਾਮਾ...............................................................35

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

# ਸੇ ਧੰਨੁ, ਸੇ ਧੰਨੁ.......

ਸਾਡੇ ਸਤਿਗੁਰੂ ਸਾਹਿਬਾਨ ਇਲਾਹੀ ਬਾਣੀ ਦਾ ਉਚਾਰਨ ਕਰਦਿਆਂ ਵਾਰ ਵਾਰ ਉਸ ਸਤਿਗੁਰੂ ਨੂੰ ਧੰਨ ਆਖਦੇ ਹਨ, ਜੋ ਭਰਮ ਦਾ ਗੜ੍ਹ (ਕਿਲਾ) ਤੋੜ ਕੇ ਹਰੀ ਨਾਲ ਮਿਲਾਉਂਦਾ ਹੈ। ਪੰਚਮ ਪਾਤਸ਼ਾਹ ਰਾਗ ਗੂਜਰੀ ਵਿੱਚ ਉਚਾਰਨ ਕਰਦੇ ਹਨ -

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥

ਸਤਿਗੁਰੂ ਨੂੰ ਇਸ ਲਈ ਵੀ ਧੰਨ ਆਖਿਆ ਗਿਆ ਹੈ ਕਿ ਸਤਿਗੁਰੂ 'ਸਰਬ ਰੋਗ ਕਾ ਅਉਖਦੁ ਨਾਮੁ' ਦੇਂਦਾ ਹੈ, ਜਿਸ ਨਾਮ ਦੇ ਜਪਣ ਨਾਲ ਮਹਾਂ ਬਿਕਰਾਲ ਰੋਗਾਂ ਦਾ ਨਾਸ ਹੁੰਦਾ ਹੈ।

ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ॥
ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ॥

ਅੱਗੇ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਸਤਿਗੁਰੂ ਦੀ ਮਹਿਮਾ ਅਪਰੰਪਾਰ ਹੈ, ਕਹੀ ਨਹੀਂ ਜਾਂਦੀ, ਉਸਦੀ ਉਸਤਤ ਕਰਕੇ ਵੀ ਉਸਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਉਹ ਸਤਿਗੁਰੂ ਸਮਰੱਥ ਦੇਵ ਹੈ, ਪਾਰਬ੍ਰਹਮ ਦਾ ਰੂਪ ਹੈ।

ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ॥
ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ॥

ਸਤਿਗੁਰੂ ਦਾ ਸਭ ਤੋਂ ਵੱਡਾ ਉਪਕਾਰ ਇਹ ਹੈ ਕਿ ਉਹ ਸਿੱਖ ਨੂੰ ਹਰੀ ਦਾ ਨਾਮ ਦੇਂਦਾ ਹੈ, ਜਿਸ ਨਾਮ ਦੇ ਜਪਣ ਨਾਲ ਜਨਮ ਮਰਨ ਕੱਟਿਆ ਜਾਂਦਾ ਹੈ, ਜੀਵਨ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਉਹ ਸਤਿਗੁਰੂ ਤਾਂ ਧੰਨ ਹੈ ਹੀ, ਉਸਦੇ ਮਾਤਾ ਪਿਤਾ ਵੀ ਧੰਨ ਹਨ-

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ॥

ਉਹ ਮਾਤਾ ਪਿਤਾ ਵਡਭਾਗੇ ਹੁੰਦੇ ਹਨ, ਉਨ੍ਹਾਂ ਦੇ ਕੋਈ ਪੂਰਬਲੇ ਉੱਤਮ ਕਰਮਾਂ ਦਾ ਫਲ ਹੁੰਦਾ ਹੈ ਕਿ- 'ਆਪਿ ਨਰਾਇਣੁ ਕਲਾ ਧਾਰਿ' ਉਨ੍ਹਾਂ ਦੇ ਗ੍ਰਹਿ ਵਿਖੇ ਸਤਿਗੁਰੂ ਰੂਪ ਵਿੱਚ ਪ੍ਰਗਟ ਹੁੰਦਾ ਹੈ। ਗੁਰਬਾਣੀ ਵਿੱਚ ਉਸ ਕੁਲ, ਮਾਤਾ ਪਿਤਾ ਨੂੰ ਧੰਨ ਕਿਹਾ ਹੈ ਅਤੇ ਉਹ ਸਤਿਗੁਰੂ ਵੀ ਧੰਨ ਹੈ ਜੋ ਮਨੁੱਖਾ ਜਨਮ ਧਾਰ ਕੇ ਆਪ ਪਰਮੇਸ਼ਰ ਦੇ ਨਾਮ ਦੀ ਅਰਾਧਨਾ ਕਰਦਾ ਹੈ ਅਤੇ ਜੋ ਉਸਦਾ ਦਰਸ਼ਨ ਕਰਦੇ ਹਨ ਉਹ ਭਵਸਾਗਰ ਤੋਂ ਤਰ ਜਾਂਦੇ ਹਨ-

ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ॥

ਜਦੋਂ ਨਾਮ ਦੇ ਦਾਤੇ, ਪਰਮੇਸ਼ਰ ਦੀ ਜਾਗਤ-ਜੋਤ, ਸਤਿਗੁਰੂ ਚਰਨਾਂ ਨਾਲ ਸਿੱਖ ਦੀ ਪ੍ਰੀਤ ਲੱਗ ਜਾਂਦੀ ਹੈ ਤਾਂ ਫਿਰ

ਗੁਰੂ-ਪਿਆਰਾ, ਗੁਰੂ ਅਰਜਨ ਸੱਚੇ ਪਾਤਸ਼ਾਹ ਵਾਂਗ ਉਸ ਦੇਸ ਨੂੰ, ਉਸ ਜਗ੍ਹਾ ਨੂੰ ਵੀ ਧੰਨ ਆਖਦਾ ਹੈ, ਜਿੱਥੇ ਉਸਦਾ ਸਤਿਗੁਰੂ ਨਿਵਾਸ ਕਰਦਾ ਹੈ। ਉਹ ਸਥਾਨ ਸੁਹਾਵਾ ਹੋ ਜਾਂਦਾ ਹੈ।

ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥

ਅਤੇ

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥

ਗੁਰੂ ਸਾਹਿਬ ਫਰਮਾਉਂਦੇ ਹਨ ਕਿ ਸਤਿਗੁਰੂ ਨੂੰ ਧੰਨ ਆਖਣ ਨਾਲ ਜਮ ਦਾ ਭਉ ਮਿਟ ਜਾਂਦਾ ਹੈ। ਲੋਕ ਅਤੇ ਪਰਲੋਕ ਦੇ ਬੰਧਨ ਕੱਟੇ ਜਾਂਦੇ ਹਨ। ਜਗਿਆਸੂ ਨਿਰਭਉ ਅਤੇ ਨਿਰਵੈਰ ਹੋ ਜਾਂਦਾ ਹੈ ਇਸ ਲਈ ਗੁਰਸਿੱਖ ਉਸ ਸਤਿਗੁਰੂ ਤੋਂ ਵਾਰੇ ਵਾਰੇ ਜਾਂਦੇ ਹਨ, ਜਿਸਦੇ ਬੇਅੰਤ ਗੁਣ ਹਨ-

ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ॥
ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ॥
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ॥

ਅਮੋਲਕ ਰਤਨ, ਨਾਮ ਕੇਵਲ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ, ਵੱਡੇ ਭਾਗਾਂ ਵਾਲੇ ਉਹ ਪੁਰਖ ਹਨ, ਜਿਨ੍ਹਾਂ ਨੂੰ ਸਤਿਗੁਰੂ ਦੀ ਚਰਨ ਸਰਨ ਪ੍ਰਾਪਤ ਹੁੰਦੀ ਹੈ-

ਸਤਿਗੁਰ ਵਿਣੁ ਕਿਨੈ ਨ ਪਾਇਆ ਮਨਿ ਵੇਖਹੁ ਰਿਦੈ ਬੀਚਾਰਿ॥
ਵਡਭਾਗੀ ਗੁਰੁ ਪਾਇਆ ਭਵਜਲੁ ਉਤਰੇ ਪਾਰਿ॥

ਗੁਰੂ ਸਾਹਿਬ ਉਪਦੇਸ਼ ਦੇਂਦੇ ਹਨ ਕਿ ਹੇ ਮਨੁੱਖ! ਏਹ ਦੁਰਲਭ ਦੇਹ ਨੂੰ ਸਫਲ ਕਰਨ ਲਈ-

ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ
ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ॥
ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥

ਉਹ ਜਗਿਆਸੂ, ਸੰਤ, ਭਗਤ, ਗੁਰਸਿੱਖ ਵੀ ਧੰਨ ਹਨ ਜੋ ਸਤਿਗੁਰੂ ਦੇ ਹੁਕਮ ਅਨੁਸਾਰ ਹਰੀ ਦੀ ਅਰਾਧਨਾ ਕਰਦੇ ਹਨ, ਨਾਮ ਜਪਦੇ ਹਨ। ਕਿਉਂਕਿ ਹਰੀ ਦੀ ਸੇਵਾ, ਉਸਦਾ ਨਾਮ ਜਪਣਾ ਹੀ ਹੈ। ਕਬੀਰ ਜੀ ਰਾਗ ਗਉੜੀ ਪੂਰਬੀ ਵਿੱਚ ਲਿਖਦੇ ਹਨ-

ਧੰਨਿ ਜਨਮੁ ਤਾਹੀ ਕੋ ਗਣੈ॥
ਮਾਰੈ ਏਕਹਿ ਤਜਿ ਜਾਇ ਘਣੈ॥

ਉਹ ਪੁਰਸ਼ ਧੰਨ ਹਨ ਜੋ (ਇਕ) ਮਨ ਨੂੰ ਮਾਰ ਕੇ ਜੜ੍ਹ ਅਤੇ ਚੇਤੰਨ ਮਾਇਆ ਦੇ ਅਨੇਕਾਂ ਰੂਪਾਂ ਦਾ ਤਿਆਗ ਕਰਦੇ ਹਨ। ਇਸ ਭਗਤੀ ਮਾਰਗ ਦੇ ਪਾਂਧੀ ਹਰੀ ਦਾ ਨਾਮ ਜਪਦਿਆਂ ਹਰੀ ਦਾ ਰੂਪ ਹੋ ਜਾਂਦੇ ਹਨ-

ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥

ਗੁਰਬਾਣੀ ਵਿੱਚ ਨਾਮ ਦੀ ਮਹਿਮਾ ਅਪਰੰਪਾਰ ਹੈ। ਧੰਨ ਹਨ ਉਹ ਪੁਰਸ਼ ਜੋ ਨਾਮ ਜਪਦੇ ਹਨ ਪਰ ਜਿਨ੍ਹਾਂ ਅਭਾਗੇ ਮਨੁੱਖਾਂ ਨੇ ਗੁਰਮੰਤ੍ਰ ਗ੍ਰਹਿਣ ਨਹੀਂ ਕੀਤਾ ਉਨ੍ਹਾਂ ਨੂੰ ਧ੍ਰਿਗ ਲਿਖਿਆ ਹੈ, ਫਿਟਕਾਰਾਂ ਪਾਈਆਂ ਹਨ-

ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥ ਅਤੇ
ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ॥

ਨਾਮ ਵਿਸਾਰਨ ਵਾਲੇ ਨੂੰ ਤੇ ਪਾਪੀ, ਅਪਰਾਧੀ ਅਤੇ ਆਤਮ ਘਾਤੀ ਵੀ ਕਿਹਾ ਹੈ-

ਦੁਲਭ ਦੇਹ ਪਾਈ ਵਡਭਾਗੀ॥
ਨਾਮੁ ਨ ਜਪਹਿ ਤੇ ਆਤਮ ਘਾਤੀ॥

ਨਾਮ ਨਾ ਜਪਣ ਵਾਲਾ ਮਨਮੁਖ ਹੈ, ਆਤਮਘਾਤੀ ਅਤੇ ਜਗਤ ਕਸਾਈ ਹੈ-

ਮਨਮੁਖਿ ਅੰਧੇ ਸੁਧਿ ਨ ਕਾਈ॥
ਆਤਮ ਘਾਤੀ ਹੈ ਜਗਤ ਕਸਾਈ॥

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਸੂਰਬੀਰਾਂ ਨੂੰ ਵੀ ਧੰਨ ਆਖਦੇ ਹਨ, ਜਿਨ੍ਹਾਂ ਦੀ ਰਸਨਾ 'ਤੇ ਹਰੀ ਦਾ ਨਾਮ ਹੁੰਦਾ ਹੈ ਅਤੇ ਜੋ ਮਜ਼ਲੂਮਾਂ ਦੀ ਰੱਖਿਆ ਲਈ, ਧਰਮ ਦੀ ਸਥਾਪਨਾ ਲਈ ਮੈਦਾਨੇ-ਜੰਗ ਵਿੱਚ ਜੂਝਦੇ ਹਨ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਇਹ ਮਨੁੱਖਾ ਸਰੀਰ ਤਾਂ ਬਿਨਸਣਹਾਰ ਹੈ, ਪਰ ਜੋ ਪੁਰਸ਼ ਨਾਮ ਜਪਦੇ ਹਨ, ਨਾਮ ਜਪਣ ਕਰਕੇ ਇਹ ਸਰੀਰ ਧੀਰਜ ਅਤੇ ਧਰਮ ਦਾ ਧਾਰਣੀ ਹੁੰਦਾ ਹੈ ਅਤੇ ਹਿਰਦੇ ਵਿੱਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਅਤੇ ਗਿਆਨ ਦੀ ਬੁਹਾਰੀ ਨਾਲ ਉਹ ਕਾਇਰਤਾ ਨੂੰ ਹਿਰਦੇ ਵਿੱਚੋਂ ਹੂੰਝ ਸੁੱਟਦੇ ਹਨ। ਧਰਮ ਯੁੱਧ ਦਾ ਹਿਰਦੇ ਵਿੱਚ ਵਿਚਾਰ ਕਰਦੇ ਹਨ। ਧਰਮ ਦੀ ਸਥਾਪਨਾ ਲਈ ਜੂਝਦੇ ਹਨ ਅਤੇ ਜੱਸ ਖੱਟ ਕੇ ਭਵਸਾਗਰ ਤਰ ਜਾਂਦੇ ਹਨ, ਉਹ ਪੁਰਸ਼ ਧੰਨ ਹਨ-

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧ ਬਿਚਾਰੈ।
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜਿਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥

ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਉਨ੍ਹਾਂ ਗੁਰਸਿੱਖਾਂ ਨੂੰ ਵਾਰ-ਵਾਰ ਧੰਨ ਆਖਦੇ ਹਨ ਜੋ ਪੂਰੇ ਸਤਿਗੁਰੂ ਦੀ ਚਰਨੀਂ ਲੱਗ ਕੇ ਨਾਮ ਜਪਦੇ ਹਨ, ਨਾਮ ਜਪਣ ਕਰਕੇ ਕਲਹ ਕਲੇਸ਼ ਤੋਂ ਮੁਕਤ ਹੋ ਕੇ ਅਨੰਦ ਰੂਪ ਹੋ ਜਾਂਦੇ ਹਨ, ਧੰਨ ਹਨ ਉਹ ਗੁਰੂ ਪਿਆਰੇ ਜੋ ਗੁਰੂ ਦੀ ਸੇਵਾ ਕਰਕੇ ਨਾਮ-ਦਾਨ ਪ੍ਰਾਪਤ ਕਰਦੇ ਹਨ, ਅੰਤ ਵਿੱਚ ਸੱਚੇ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਮੈਂ ਉਨ੍ਹਾਂ ਗੁਰਸਿੱਖਾਂ ਨੂੰ ਨਮਸਕਾਰ ਕਰਦਾ ਹਾਂ ਜੋ ਗੁਰੂ ਦੇ ਭਾਣੇ ਵਿੱਚ ਚੱਲਦੇ ਹਨ, ਰਜ਼ਾ 'ਚ ਰਾਜ਼ੀ ਰਹਿੰਦੇ ਹਨ।

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ।
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ।
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ।
ਧੰਨੁ ਧੰਨੁ ਸੋ ਗਰੁਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ।
ਤਿਸੁ ਗੁਰਸਿਖੁ ਕਉ ਹਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥

ਗੁਰਬਾਣੀ ਅਨੁਸਾਰ ਨਿਰੰਕਾਰ, ਪਰਮੇਸ਼ਰ ਧੰਨ ਹੈ, ਪਰਮੇਸ਼ਰ ਦਾ ਸਾਕਾਰ ਰੂਪ ਸਤਿਗੁਰੂ ਧੰਨ ਹੈ ਜੋ ਹਰੀ ਦਾ ਨਾਮ ਜਪਵਾਉਂਦਾ ਹੈ। ਜੋ ਧੰਨ ਨਾਮ ਜੁੜ ਗਏ, ਉਹ ਜਗਿਆਸੂ ਵੀ ਧੰਨ ਹੋ ਗਏ।


ਧੰਨ ਹਨ ਉਹ ਗੁਰਸਿੱਖ ਜੋ ਸਤਿਗੁਰੂ ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਅੰਮ੍ਰਿਤ ਵੇਲੇ ਸਣੇ ਕੇਸੀ ਇਸ਼ਨਾਨ ਕਰਕੇ ਨਾਮ ਜਪਦੇ ਅਤੇ ਗੁਰਬਾਣੀ ਪੜ੍ਹਦੇ, ਸੁਣਦੇ ਹਨ। ਧੰਨਤਾ ਯੋਗ ਹਨ ਜੋ ਗੁਰਮੁਖ ਸਿੱਖ ਜੋ ਦੂਰ ਦੁਰਾਡੇ ਬੈਠੇ ਵੀ ਹਰ ਵਰ੍ਹੇ ਵਿਧੀ ਪੂਰਵਕ, ਨਾਮ ਸਿਮਰਨ ਜਪ ਪ੍ਰਯੋਗ ਕਰਦੇ ਹਨ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਹਨ। ਧੰਨ ਹਨ ਉਹ ਗੁਰੂ ਪਿਆਰੇ ਜੋ ਦੁਨੀਆਂਦਾਰੀ ਛੱਡ ਕੇ ਮਹੀਨੇ ਭਰ ਲਈ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਆ ਕੇ ਨਾਮ ਸਿਮਰਨ ਜਪ ਪ੍ਰਯੋਗ ਵਿੱਚ ਭਾਗ ਲੈਂਦੇ ਹਨ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਦੇ ਦਰਸ ਪਰਸ ਕੇ ਜਨਮ ਸਫ਼ਲਾ ਕਰਦੇ ਹਨ।

ਸਤਿਗੁਰੂ ਰਾਮਦਾਸ ਪਾਤਸ਼ਾਹ ਰਾਗ ਆਸਾ ਵਿੱਚ ਫੁਰਮਾਉਂਦੇ ਹਨ ਕਿ ਮੈਂ ਉਨ੍ਹਾਂ ਗੁਰੂ ਪਿਆਰਿਆਂ ਤੋਂ ਵਾਰੇ ਵਾਰੇ ਜਾਂਦਾ ਹਾਂ-

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ
ਜਨੁ ਨਾਨਕੁ ਤਿਨ ਬਲਿ ਜਾਸੀ॥

**ਹਰਪਾਲ ਸਿੰਘ ਸੇਵਕ**
**ਸ੍ਰੀ ਭੈਣੀ ਸਾਹਿਬ-94176-01321**


# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਜੇ ਕੁੜੀ ਮਾਰੇ ਕੇ ਤਾ ਬੇਚੇ ਕੇ ਤਾ ਬਟਾ ਕਰੇ, ਅਰੁ ਜੇਕਰ ਅਛੀ ਤਰਾ ਮਲੂਮੀ ਹੋਏ ਜਾਵੇ ਤਾ ਓਸਦੇ ਨਾਲ ਨਹੀ ਬਰਤਣਾ। ਨਾ ਓਸ ਨੂ ਸੰਗਤ ਮੈ ਬੜਨ ਦੇਣਾ।

ਹੋਰ ਨਿਧਾਨ ਸਿੰਘ ਜੀ ਜਿਤਨਾ ਕੁ ਭਜਨ ਬਾਣੀ (ਹੋਵੇ) ਉਤਨਾ ਕਰਨਾ। ਹੋਰ ਬਾਧੇ ਦੇ ਬਾਸਤੇ ਅਰਜ ਕਰਨੀ, ਬੇਨਤੀ ਕਰਦੇ ਰਹਿਆ ਕਰੋ ਅੰਤ੍ਰਜਾਮੀ ਪ੍ਰਮੇਸਰ ਅਗੇ। ਪ੍ਰਮੇਸਰ ਸਭ ਸੁਣਦਾ ਬੀ ਹੈ ਤੇ ਸਭ ਕੁਛ ਦੇਣ ਨੂ ਸਮਰਥ ਹੈ, ਸਤਿ ਕਰਕੇ ਮੰਨਣੀ ਏਹੁ ਬਾਤ। ਜੇਕਰ ਬੋਲ ਕੇ ਹੋਵੇ ਤਾ ਬੋਲ ਕੇ ਭੀ ਕਰਨੀ ਅਰਜ ਬੇਨਤੀ, ਨਾ ਤੇ ਅੰਦਰੋ ਕਰਨੀ। ਪ੍ਰਮੇਸਰ ਸਾਰੇ ਈ ਸੁਣਨੇ ਜੋਗ ਹੈ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਇਕੱਠੇ ਹੋ ਕੇ ਨਾਮ ਜਪੋ

ਜਿਨਾਂ ਨੇ ਭਜਨ ਪੁੱਛਿਆ ਹੈ, ਹਰ ਵੇਲੇ ਨਾਮ ਦਾ ਜਾਪ ਮੂੰਹ ਵਿੱਚ ਹੋਵੇ ਤਾਂ ਕਿ ਜਿਸ ਵੇਲੇ ਇਸ ਸੰਸਾਰ ਤੋਂ ਜਾਣਾ ਹੈ, ਉਹ ਵੇਲਾ ਪਤਾ ਨਹੀਂ ਕਿਹੜੇ ਵੇਲੇ ਆ ਜਾਣਾ ਹੈ, ਉਸ ਵੇਲੇ ਨਾਮ ਦਾ ਜਾਪ ਸਾਡੇ ਮੂੰਹ ਵਿੱਚ ਹੋਵੇ, ਉਹ ਨਾਮ ਸਾਨੂੰ ਸਤਿਗੁਰਾਂ ਦੇ ਚਰਨਾਂ 'ਚ ਲੈ ਕੇ ਜਾਵੇ, ਇੱਧਰ-ਉੱਧਰ ਨਾ ਭਟਕੀਏ। ਜਿਹਦੀ ਕਿਰਪਾ ਨਾਲ ਸਾਹ ਆਉਂਦਾ ਹੈ, ਜਿਹਦੀ ਕਿਰਪਾ ਨਾਲ ਅਸੀਂ ਤੁਰੇ ਫਿਰਦੇ ਹਾਂ। ਸਾਨੂੰ ਬਗੈਰ ਪੈਸਿਆਂ ਤੋਂ ਹਵਾ ਮਿਲਦੀ ਹੈ, ਸਾਨੂੰ ਬਗ਼ੈਰ ਪੈਸਿਆਂ ਤੋਂ ਪਾਣੀ ਮਿਲਦਾ ਹੈ, ਸਾਨੂੰ ਬਗੈਰ ਪੈਸਿਆਂ ਤੋਂ ਧੁੱਪ ਦਾ ਨਿੱਘ ਮਿਲਦਾ ਹੈ, ਉਸ ਸਤਿਗੁਰੂ ਨੂੰ ਯਾਦ ਕਰੋ।

ਹਿੰਦੂ, ਮੁਸਲਮਾਨ, ਸਿੱਖ, ਈਸਾਈ ਸਾਰੇ ਇਕੱਠੇ ਹੋ ਕੇ ਰੱਬ ਦਾ ਨਾਮ ਲੈਣ। ਸਾਰੇ ਇਕੱਠੇ ਹੋ ਕੇ ਸ਼ਿਕਾਰ ਖੇਡਦੇ ਨੇ, ਕਲੱਬਾਂ 'ਚ ਸ਼ਰਾਬਾਂ ਪੀਂਦੇ ਨੇ, ਹੋਰ ਕਈ ਕੰਮ ਕਰਦੇ ਨੇ। ਪਰ ਸਾਰੇ ਇਕੱਠੇ ਹੋ ਕੇ ਨਾਮ ਜਪਣ।

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**੧ ਕੱਤਕ 2075 ਬ੍ਰਿ:**<br>**17 ਅਕਤੂਬਰ 2018 ਈ:**

**ਭੋਗ:ਅੱਸੂ ਦਾ ਮੇਲਾ ਆਸਾ ਦੀ ਵਾਰ ਉਪਰੰਤ**

**ਸਥਾਨ-ਸ੍ਰੀ ਭੈਣੀ ਸਾਹਿਬ**

ਪਰਮ ਸਤਿਕਾਰਯੋਗ ਸਤਿ ਸੰਗੀਓ, ਇਕ ਵਾਰੀ ਆਪਣੀ ਰਸਨਾ ਪਵਿੱਤਰ ਕਰੀਏ, ਬੜੇ ਪਿਆਰ ਨਾਲ ਆਖੀਏ ਧੰਨ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ, ਅਗਲਾ ਸਾਲ ਸਤਿਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦਾ 550 ਸਾਲਾ ਪੁਰਬ ਮਨਾਉਣਾ ਹੈ, ਸਾਰੇ ਸਿੱਖ ਜਗਤ ਨੇ, ਨਾਮਧਾਰੀ ਸੰਗਤ ਨੇ। ਸਤਿਗੁਰੂ ਨਾਨਕ ਦੇਵ ਸੱਚੇਪਾਤਸ਼ਾਹ ਜੀ ਨੂੰ ਅਜ ਯਾਦ ਕਰਦਿਆਂ, ਇਹ ਸਿਰ ਝੁਕਾਉਨੇ ਹਾਂ ਕਿ ਉਹਨਾਂ ਨੇ ਕਿਰਪਾ ਕੀਤੀ, ਸਾਨੂੰ ਬਹੁਤ ਸਾਰੇ ਰੀਤੀ ਰਿਵਾਜਾਂ ਨਾਲੋਂ, ਪਖੰਡਾਂ ਨਾਲੋਂ ਜੇ ਮੈਂ ਕਹਿ ਲਵਾਂ, ਵਹਿਮਾਂ-ਭਰਮਾਂ ਨਾਲੋਂ ਤੋੜ ਕਿ ਇਕ ਪ੍ਰਭੂ ਦੇ ਨਾਮ ਨਾਲ ਜੋੜਿਆ ਹੈ ਕਿਉਂਕਿ ਪਿਛਲੇ ਇਕ ਮਹੀਨੇ ਤੋਂ ਇਹ ਨਾਮ ਜਪਿਆ ਜਾ ਰਿਹਾ, ਜਪ ਪ੍ਰਯੋਗ ਦੇ ਰੂਪ ਵਿਚ ਬਹੁਤ ਸਾਰੇ ਸਿੰਘਾਂ ਨੇ ਏਥੇ ਰੋਜ਼ 8-8 ਘੰਟੇ ਉਹ ਨਾਮ ਸਿਮਰਨ ਕੀਤਾ ਹੈ, ਵਿਦੇਸ਼ਾਂ ਵਿਚ

ਹੋਇਆ, ਪਿੰਡਾਂ-ਪਿੰਡਾਂ ਵਿਚ ਹੋਇਆ, ਕਿਤੇ 1 ਘੰਟਾ, ਕਿਤੇ 2 ਘੰਟੇ, ਕਈਆਂ ਨੇ 7-7, 8-8 ਘੰਟੇ ਨਾਮ ਸਿਮਰਨ ਕੀਤਾ ਹੈ, ਅਸੀਂ ਇਕ ਦਿਨ ਪੂਰੀ ਗਿਣਤੀ ਕਰ ਰਹੇ ਸੀ, ਕੁੱਲ ਮਿਲਾ ਕਿ 10 ਹਜਾਰ ਤੋਂ ਜਿਆਦਾ ਸਿੰਘਾਂ ਅਤੇ ਬੀਬੀਆਂ ਨੇ, ਇਹ ਨਾਮ ਸਿਮਰਨ ਕੀਤਾ ਹੈ ਤੇ ਜਿਸ ਮਹਾਨ ਸਤਿਗੁਰੂ ਨੇ ਸਾਨੂੰ ਇਸ ਨਾਮ ਨਾਲ ਜੋੜਿਆ ਹੈ, ਇਸ ਨਾਮ ਦੀ ਅਮੁੱਲੀ ਦਾਤ ਦਿੱਤੀ ਹੈ। ਉਸ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਯਾਦ ਕਰਦੇ ਹੋਏ ਇਕ ਵਾਰੀ ਆਖੀਏ ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

ਸਾਧ ਸੰਗਤ ਜੀ ਜੇ ਤੁਸੀਂ ਦੇਖੋ, ਅੱਜ ਕਲ ਦੇ ਜਮਾਨੇ ਵਿਚ, ਇਸ ਰੂਪ ਵਿਚ ਸਮੂਹਕ ਰੂਪ ਵਿਚ, ਇਹ ਨਾਮ ਇਸ ਤਰ੍ਹਾਂ ਕਿਤੇ ਜਪਿਆ ਨਹੀਂ ਜਾ ਰਿਹਾ, ਬੜੇ ਪਾਠ ਕਰਦੇ ਹਾਂ ਬੜੇ ਜ਼ੋਰ ਨਾਲ ਗੁਰਬਾਣੀ ਪੜਦੇ ਹਾਂ, ਪਰ ਗੁਰਬਾਣੀ, ਨਾਮ ਦੀ ਉਸਤਤ ਕਰਦੀ ਹੈ, ਜੇ ਅਸੀਂ ਗੁਰਬਾਣੀ ਪੜ੍ਹੀ ਜਾਈਏ, ਬਾਣੀ ਪੜ੍ਹ ਕਿ ਜੋ ਗੁਰਬਾਣੀ ਵਿਚ ਹੁਕਮ ਦਿੱਤੇ ਨੇ, ਉਹ ਨਾ ਮੰਨੀਏ, ਫਿਰ ਮਨ ਨੂੰ ਸੰਤੋਖ ਨਹੀਂ ਆਉਂਦਾ, ਸੱਚੇ ਪਾਤਸ਼ਾਹ ਹੁਕਮ ਕੀਤਾ ਹੈ "ਪ੍ਰਭ ਜੀ ਕੋ ਨਾਮੁ ਜਪਤ ਮਨ ਚੈਨ" ਮਨ ਦੇ ਚੈਨ ਵਾਸਤੇ, ਮਨ ਦੇ ਟਿਕਾਅ ਵਾਸਤੇ, ਨਾਮ ਦੇ ਨਾਲ ਸਾਨੂੰ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਜੋੜਿਆ ਹੈ, ਬੜਾ ਲੰਮਾ ਸਮਾਂ ਤੁਸੀਂ ਜਿਹਨਾਂ ਨੂੰ ਸੱਚੇ ਪਾਤਸ਼ਾਹ ਦੀਆਂ ਯਾਦਾਂ ਤਾਜ਼ੀਆਂ ਨੇ, ਸੱਚੇ ਪਾਤਸ਼ਾਹ ਨੇ ਕਿਸ ਤਰ੍ਹਾਂ ਕਿਰਪਾ ਕਰਨੀ, ਇਕ ਇਕ ਨੂੰ ਜਾ ਕੇ ਆਪ ਜਗਾਉਣਾਂ, ਫ਼ੋਨ ਆ ਗਏ ਫਿਰ ਫ਼ੋਨ ਕਰਕੇ ਉਠਾਉਣਾਂ, ਫਿਰ ਇਹ ਉਹਨਾਂ ਦੀਆਂ ਯਾਦਾਂ ਨੇ ਉਹਨਾਂ ਕਿਰਪਾ ਕਰਨੀ, ਉਹਨਾਂ ਨੂੰ ਇਹ ਹੁੰਦਾ ਸੀ, ਕਿ ਇਹ ਬੱਚਾ ਫਿਰ ਨਾ ਸੌਂ ਜਾਵੇ, ਜਿੰਨਾਂ ਚਿਰ ਉਠ ਕੇ ਨਹਾਉਣ ਨਹੀਂ ਚਲੇ ਜਾਣਾਂ, ਉਹਨਾਂ ਕੋਲ ਖਲੋਤੇ ਰਹਿਣਾਂ, ਇਸ ਕਰਕੇ ਕਿ ਇਹਨਾਂ ਦਾ ਬਚਾਅ ਇਹਨਾਂ ਆਪ ਤੇ ਕਰ ਨਹੀਂ ਸਕਣਾ, ਨਾਮ ਤੋਂ ਬਿਨਾ ਨਹੀਂ, ਉਹ ਨਾਮ ਨਾਲ ਸਾਨੂੰ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਜੋੜਿਆ, ਇਹ ਉਹਨਾਂ ਦੀ ਕਿਰਪਾ ਹੋਈ ਹੈ ਪਰ ਇਹ ਵੱਡੇ ਭਾਗਾਂ ਤੋਂ ਬਿਨਾ ਸਾਧ ਸੰਗਤ ਨਹੀਂ ਮਿਲਦੀ, ਤੇ ਸਤਿਗੁਰੂ ਤੋਂ ਬਿਨਾਂ ਉਹ ਨਾਮ ਨਹੀਂ ਮਿਲਦਾ, ਉਹ ਨਾਮ ਸਾਨੂੰ ਸਤਿਗੁਰੂ ਸੱਚੇ ਪਾਤਸ਼ਾਹ ਨੇ ਗੁਰੂ ਨਾਨਕ ਦਾ ਦਿੱਤਾ ਹੋਇਆ ਨਾਮ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਕਿਰਪਾ ਕੀਤੀ ਹੈ ਉਹਦੇ ਨਾਲ ਜੋੜਿਆ, ਜਿੰਨਾਂ ਨੇ ਤੁਸੀਂ ਇਕ ਮਹੀਨਾ ਪ੍ਰਯੋਗ ਕੀਤਾ ਹੈ, ਤੁਸੀਂ ਮਹਿਸੂਸ ਕਰਦੇ ਹੋਵੋਗੇ ਕਿ ਤੁਹਾਡਾ ਮਨ ਅੱਜ ਕਿੰਨਾ ਚੰਗਾ ਬਣਿਆ ਹੈ, ਕੱਲ੍ਹ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਉਪਦੇਸ਼ ਸੁਣਦਿਆਂ ਹੋਇਆਂ, ਸੱਚੇ ਪਾਤਸ਼ਾਹ ਈਰਖਾ ਬਾਰੇ ਹੁਕਮ ਕੀਤਾ ਸੀ, ਕਿ ਜਦੋਂ ਅਸੀਂ ਸਾਧ ਸੰਗਤ ਵਿਚ ਆਉਨੇ ਹਾਂ, ਸਾਡੇ ਅੰਦਰੋਂ ਈਰਖਾ ਮੁੱਕਣੀ ਚਾਹੀਦੀ ਹੈ, ਸਾਡੇ ਅੰਦਰ ਜਦੋਂ ਨਾਮ ਦਾ ਅਸਰ ਹੁੰਦਾ ਹੈ, ਬਾਣੀ ਦਾ ਅਸਰ ਹੁੰਦਾ ਹੈ, ਸਾਧ ਸੰਗਤ ਦਾ ਅਸਰ ਹੁੰਦਾ ਹੈ, ਤੇ ਸਾਡੇ ਅੰਦਰੋਂ ਈਰਖਾ ਮੁੱਕ ਜਾਂਦੀ ਹੈ, ਸੱਚੇ ਪਾਤਸ਼ਾਹ ਹੁਕਮ ਕੀਤਾ ਸੀ "ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ", ਜਦੋਂ ਆਪਾਂ ਨਾਮ ਸਿਮਰਨ ਕਰਦੇ ਹਾਂ, ਈਰਖਾ ਛੱਡ ਕੇ ਕਰਦੇ ਹਾਂ, ਨਾਮ ਸਿਮਰਨ ਕਰਦਿਆਂ ਕਰਦਿਆਂ ਸਾਡੇ ਮਨ ਨੂੰ ਚੈਨ ਆ ਜਾਂਦਾ ਹੈ ਸਾਡੇ ਮਨ ਨੂੰ ਉਹ ਖੁਸ਼ੀਂ ਆਉਣੀ ਚਾਹੀਦੀ ਹੈ, ਤੇ ਮੈਂ ਸਮਝਦਾਂ ਤੁਸੀਂ ਬਹੁਤ ਸਾਰੀ ਸੰਗਤ ਨੇ ਇਸ ਨਾਮ ਦਾ ਅਨੰਦ ਮਾਣਿਆ ਹੋਏਗਾ, ਚੰਗਾ ਲੱਗਿਆ ਹੋਏਗਾ। ਇਕ ਚੀਜ਼ ਮੈਨੂੰ ਇਸ ਸਾਲ ਬਹੁਤ ਚੰਗੀ ਲੱਗੀ, ਇਸ ਸਾਲ ਪ੍ਰਯੋਗ ਵਿਚ ਬਹੁਤ ਸਾਰੇ, ਨੌਜੁਆਨ ਆਏ, ਨੌਜੁਆਨ ਆਕੇ ਕਈ ਤਾਂ ਏਥੇ ਮਹੀਨਾ ਰਹੇ, ਕਈ ਹਫ਼ਤਾ ਆਉਂਦੇ ਰਹੇ, ਕਈ ਦਸ ਦਿਨ ਆਉਂਦੇ ਰਹੇ, ਔਰ ਇਹ ਜੀਅ ਕਰਦਾ ਹੈ, ਮੈਂ ਆਸ ਕਰਦਾ ਹਾਂ, ਅਗਲੇ ਸਾਲਾਂ ਵਿਚ ਵੱਧ ਤੋਂ ਵੱਧ ਨੌਜੁਆਨ ਨਾਲ ਜੁੜ ਸਕਣਗੇਂ, ਤੇ ਜੁੜ ਕੇ ਅਸੀਂ, ਸਤਿਗੁਰੂ ਸੱਚੇ ਪਾਤਸ਼ਾਹ ਦੀਆਂ ਖੁਸ਼ੀਆਂ ਲੈ ਸਕਾਂਗੇ।

ਇਸ ਮੇਲੇ ਵਿਚ ਜੇ ਮੈਂ ਉਸ ਹਸਤੀ ਨੂੰ ਯਾਦ ਨਹੀਂ ਕਰਦਾ ਤੇ ਇਕ ਕਮੀ ਮਹਿਸੂਸ ਹੁੰਦੀ ਹੈ, ਕਿਰਪਾ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਹੁੰਦੀ ਹੈ, ਪਰ ਜਿਨਾਂ ਨੇ ਆਪਣੀ ਹੱਥੀਂ, ਅੱਜ ਦੇ ਭੈਣੀ ਸਾਹਿਬ ਦੀ ਇਹ ਸਿਰਜਨਾ ਕੀਤੀ, ਜਿਨਾਂ ਨੇ ਇਕ ਨੂੰ ਨਹੀ ਲੱਖਾਂ ਨੂੰ ਮਾਂ ਦਾ ਪਿਆਰ ਦਿੱਤਾ। ਜਿਹਨਾਂ ਨੇ ਮਾਵਾਂ ਨਾਲੋਂ ਵੀ ਵੱਧ ਪਿਆਰ ਦਿੱਤਾ, ਕਿਸੇ ਦਾ ਦੁੱਖ ਦੇਖ ਕਿ ਉਹ ਦੁੱਖੀ ਹੋਏ, ਮੇਰਾ ਭਾਵ ਮਾਤਾ ਜੀ ਤੋਂ ਹੈ, ਮਾਤਾ ਚੰਦ ਕੌਰ ਜੀ ਤੋਂ ਹੈ। ਉਹਨਾਂ ਨੂੰ ਯਾਦ ਕਰਦੇ ਹੋਏ ਅਸੀਂ ਸਿਰ ਝੁਕਾਉਨੇ ਹਾਂ ਅਤੇ ਭੈਣੀ ਸਾਹਿਬ ਜਗਹ ਜਗਹ ਵਿਚ ਇੱਟ ਇੱਟ ਵਿਚ ਮਾਤਾ ਜੀ ਦੀ ਯਾਦ ਹੈ। ਉਹਨਾਂ ਦੇ ਜੀਵਨ ਤੋਂ ਆਪਾਂ ਬਹੁਤ ਕੁਛ ਸਿੱਖ ਸਕਦੇ ਹਾਂ। ਉਹਨਾਂ ਦੇ ਜੀਵਨ ਤੋਂ ਸਭ ਤੋਂ ਵੱਡੀ ਸਿੱਖਿਆ ਹੈ ਸਾਦਗੀ ਤੇ ਉਹ ਸੇਵਾ , ਸਾਦਗੀ ਵਿਚ ਰਹਿ ਕੇ ਕਰਨੀ। ਮਾਤਾ ਜੀ ਦੇ ਜਿਹਨਾਂ ਦਰਸ਼ਨ ਕੀਤੇ ਨੇ, ਮਾਤਾ ਜੀ ਨੂੰ ਕਦੇ ਬਹੁਤ ਸੋਹਣੇ ਬਸਤਰ ਪਾਏ ਨਹੀਂ ਦੇਖਿਆ ਹੋਣਾ, ਜੇ ਕਿਤੇ ਮਾਤਾ ਜੀ ਦਾ ਕੁੜਤਾ ਪਾਟਿਆ ਹੋਣਾ, ਅਰਜ਼ ਵੀ ਕਰਨੀ, ਮਾਤਾ ਜੀ ਨੇ ਕਹਿਣਾ, ਕੋਈ ਗੱਲ ਨਹੀਂ ਫਿਰ ਕੀ ਹੋ ਗਿਆ, ਮੈਨੂੰ ਕੀ ਫਰਕ ਪੈਂਦਾਂ ਹੈ। ਸਾਰਾ ਸਾਰਾ ਦਿਨ ਲੰਗਰ ਵਿਚ ਖਲੋ ਕੇ, ਸਾਰਾ ਸਾਰਾ ਦਿਨ ਜਿਥੇ ਸੰਗਤ ਨੇ ਸੇਵਾ ਕਰਦੇ ਹੋਣਾ, ਉਹਨਾਂ ਦੇ ਨਾਲ ਮਾਤਾ ਜੀ ਨੇ ਖਲੋਤੇ ਹੋਣਾ, ਫਿਰ ਉਹ ਬਹੁਤ ਲੰਬਾ ਸਮਾਂ ਲੰਘਿਆ ਜਦੋਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਠੀਕ ਨਹੀਂ ਰਹੇ ਤੇ ਮਾਤਾ ਜੀ ਕੋਲ ਰਹਿੰਦਿਆਂ ਹੋਇਆਂ ਦੇਖਿਆ ਕੋਈ ਵੀ ਦੁੱਖੀਆ ਆਇਆ ਮਾਤਾ ਜੀ ਨੇ ਉਹਨੂੰ ਖਾਲੀ ਨਹੀਂ ਜਾਣ ਦਿੱਤਾ। ਜੇ ਕਿਸੇ

ਵੇਲੇ ਇਹ ਵੀ ਅਰਜ਼ ਕਰ ਦੇਣੀ ਕਿ ਮਾਤਾ ਜੀ ਇੰਨਾਂ ਆਪਣੇ ਕੋਲ ਹੈ ਨਹੀਂ ਜਿੰਨਾ ਆਪ ਜੀ ਕਿਰਪਾ ਕਰ ਦਿੰਦੇ ਹੋ ਤਾਂ ਮਾਤਾ ਜੀ ਕਹਿਣਾ ਕਾਕਾ ਮੇਰੇ ਤੋਂ ਜਵਾਬ ਨਹੀਂ ਦਿੱਤਾ ਜਾਂਦਾ। ਮਾਤਾ ਜੀ ਨੂੰ ਯਾਦ ਕਰਨਾ ਵੀ ਮੈਂ ਸਮਝਦਾ ਇਸ ਮੇਲੇ ਵਿਚ ਜ਼ਰੂਰੀ ਹੈ। ਇਹ ਵੱਡੇ ਭਾਗ ਨੇ ਮੇਲੇ ਵਿਚ ਜਿਹਨਾਂ ਨੇ ਸੇਵਾ ਕੀਤੀ ਹੈ, ਕਈਆਂ ਨੇ ਸਰੀਰ ਕਰਕੇ ਸੇਵਾ ਕੀਤੀ ਹੈ, ਕਈਆਂ ਨੇ ਮਾਇਆ ਕਰਕੇ ਸੇਵਾ ਕੀਤੀ ਹੈ, ਇਹ ਜਿਹੜਾ ਆਖਰੀ 4-5 ਦਿਨ ਦਾ ਮੇਲਾ ਹੋਇਆ ਹੈ, ਇਹ ਇੰਦਰਪਾਲ ਸਿੰਘ ਜੀ ਭੱਟੀ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਹੋਇਆ। ਉਸ ਤੋਂ ਪਹਿਲਾਂ ਵੀ ਜਿਹੜੇ 25 ਦਿਨ ਮੇਲਾ ਚੱਲਦਾ ਰਿਹਾ ਹਰ ਰੋਜ਼ ਸੰਗਤ ਨੇ ਬੜੇ ਚਾਅ ਨਾਲ ਨਾਲੇ ਮਾਇਆ ਦੀ ਸੇਵਾ ਕੀਤੀ ਤੇ ਨਾਲੇ ਆਪ ਆ ਕੇ ਲੰਗਰ ਦੀ ਸੇਵਾ ਕਰਦੇ ਰਹੇ। ਇਸ ਤੋਂ ਬਿਨਾਂ ਜਿਹਨਾਂ ਨੇ ਜੋੜਿਆਂ ਦੀ ਸੇਵਾ ਕੀਤੀ ਹੈ, ਜਿਨਾਂ ਰਾਗੀ ਸਿੰਘਾਂ ਨੇ ਕਿਰਪਾ ਕੀਤੀ ਹੈ ਤੁਹਾਨੂੰ ਅੰਮ੍ਰਿਤ ਮਈ ਕੀਰਤਨ ਸੁਣਾਇਆ ਹੈ, ਉਹਨਾਂ ਸਾਰਿਆਂ ਤੇ ਹੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀਆਂ ਅਪਾਰ ਖੁਸ਼ੀਆਂ ਨੇ, ਔਰ ਇਹ ਉਹਨਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਹ ਸਾਰਾ ਕੁਝ ਕਰਕੇ ਸਾਡੇ ਮਨ ਵਿਚ ਹੰਕਾਰ ਨਾ ਆ ਜਾਵੇ, ਕਿਉਂਕਿ ਜਿੰਨਾ ਚਿਰ ਉਹਨਾਂ ਦੀ ਕਿਰਪਾ ਨਹੀਂ ਹੁੰਦੀ ਉਨਾਂ ਚਿਰ ਨਾਮ ਜਪਿਆ ਨਹੀਂ ਜਾਂਦਾ, ਉਨਾ ਚਿਰ ਨਾਮ ਜਪਣ ਵਾਲਾ ਮਨ ਨਹੀਂ ਬਣਦਾ, ਇਹ ਉਹਨਾਂ ਦੀ ਕਿਰਪਾ ਹੈ, ਉਹਨਾਂ ਦੀ ਬਖਸ਼ਿਸ ਹੈ। ਮੈਂ ਸਮਝਦਾ ਹਾਂ ਕਿ ਜਿਹਨਾਂ ਨੇ ਵੀ ਤੁਸੀਂ ਨਾਮ ਜਪਿਆ ਹੈ ਉਹਨਾਂ ਦੇ ਬੜੇ ਵੱਡੇ ਭਾਗ ਨੇ, ਆਪਾਂ ਇਹ ਬਖਸ਼ਿਸ਼ ਮੰਗੀਏ ਕਿ ਕਿਰਪਾ ਕਰੋ ਸਾਨੂੰ ਇਹ ਨਾਮ ਜਪਣ ਦਾ ਬਲ ਬਖਸ਼ੋ, ਸਾਨੂੰ ਆਪਣਾ ਹੁਕਮ ਮੰਨਣ ਦਾ ਬਲ ਬਖਸ਼ੋ, ਸਾਡੇ ਤੇ ਇਹ ਕਿਰਪਾ ਕਰੋ, ਕਿ ਸਾਡੇ ਅੰਦਰ ਈਰਖਾ, ਦਵੈਸ਼, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਸਾਨੂੰ ਛੁਟਕਾਰਾ ਮਿਲ ਸਕੇ। ਕਿਉਂਕਿ ਜੇ ਇਹਨਾਂ ਚੀਜਾਂ ਤੋਂ ਸਾਨੂੰ ਛੁਟਕਾਰਾ ਮਿਲਦਾ ਹੈ ਤਾਂ ਅਸੀਂ ਇਸ ਸੰਸਾਰ ਵਿਚ ਹੀ ਸੁਖੀ ਹੋ ਜਾਨੇ ਹਾਂ, ਮੈਨੂੰ ਇਕ ਯਾਦ ਆਉਂਦੀ ਹੈ, ਪੁਰਾਣੇ ਸਿੰਘਾਂ ਨੂੰ ਯਾਦ ਹੋਇਗਾ, ਇਕ ਬਾਬਾ ਜੀ ਡੋਰਾਂ ਵਾਲੇ ਹੁੰਦੇ ਸੀ ਅਸੀਂ ਬਚਪਨ ਵਿਚ ਉਹਨਾਂ ਦੇ ਦਰਸ਼ਨ ਕੀਤੇ ਨੇ, ਉਹ ਬਜ਼ੁਰਗ ਸਨ ਬਿਮਾਰ ਵੀ ਸਨ ਮੰਜੇ ਤੇ ਸਨ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਉਹਨਾਂ ਨੂੰ ਦਰਸ਼ਨ ਦੇਣ ਜਾਣਾਂ, ਉਹਨਾਂ ਕੋਲ ਜਿਹੜਾ ਵੀ ਜਾਂਦਾ ਸੀ ਉਹਨਾਂ ਇਹੋ ਹੀ ਆਖਣਾ "ਗੁਰੂ ਨਾਮ ਦਾਨ ਬਖਸ਼ੇ", ਸਦਾ ਖੁਸ਼ ਰਹਿਣਾ ਇਕ ਵਾਰੀ ਇਹ ਹੋ ਗਿਆ ਕਿ ਉਹਨਾਂ ਨੇ 14-15 ਦਿਨ ਪ੍ਰਸ਼ਾਦਾ ਨਾ ਛਕਿਆ, ਉਹਨਾਂ ਦੇ ਸੇਵਕ ਨੇ ਆਕੇ ਸੱਚੇ ਪਾਤਸ਼ਾਹ ਜੀ ਕੋਲ ਅਰਜ਼ ਕੀਤੀ ਕੇ ਬਾਬਾ ਜੀ ਨੇ ਪ੍ਰਸ਼ਾਦਾ ਨਹੀਂ ਛਕਿਆ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਜਾ ਕੇ ਪੁੱਛਿਆ ਕਿ ਬਾਬਾ ਜੀ ਬੜੇ ਦਿਨ ਹੋ ਗਏ ਨੇ ਤੁਸੀਂ ਪ੍ਰਸ਼ਾਦਾ ਨਹੀਂ ਛਕਿਆ, ਫਿਰ ਅੰਦਰ ਆਸਰਾ ਨਹੀਂ ਰਹਿੰਦਾ। ਅੱਗੋਂ ਕਹਿੰਦੇ ਨੇ "ਅੰਦਰ ਕੁਝ ਆਸਰਾ ਹੈ ਤੇ ਮੈ ਤਾਂ ਹੀ ਬੈਠਾਂ" ਮੇਰਾ ਭਾਵ ਹੈ ਉਹਨਾਂ ਦੇ ਅੰਦਰ ਨਾਮ ਦਾ ਆਸਰਾ ਸੀ, ਜਦੋਂ ਸਾਡੇ ਅੰਦਰ ਨਾਮ ਦਾ ਆਸਰਾ ਹੁੰਦਾ ਹੈ ਸਾਨੂੰ ਦੁੱਖ ਵਿਚ ਵੀ ਦੁੱਖ ਮਹਿਸੂਸ ਨਹੀਂ ਹੁੰਦਾ ਅਸੀਂ ਉਦੋਂ ਵੀ ਅਨੰਦ ਰੂਪ ਵਿਚ ਹੁੰਦੇ ਹਾਂ ਬਹੁਤ ਹੱਦ ਤੱਕ ਇਹ ਦੁੱਖ ਸਾਡੇ ਮਨ ਦੇ ਹੁੰਦੇ ਨੇ। ਤੁਸੀਂ ਪੜਦੇ ਰਹਿੰਦੇ ਹੋ ਬੜੇ ਬੜੇ ਸਫ਼ਲ ਬਿਜਨਸਮੈਨ, ਬੜੇ ਸਫਲ ਐਕਟਰ, ਐਕਟਰੈਸ, ਜਿਹਨਾਂ ਦੀ ਜਿੰਦਗੀ ਵਿਚ ਮਾਇਆ ਦੀ ਕੋਈ ਕਮੀ ਨਹੀਂ, ਕਈਆਂ ਨੂੰ ਸੁਸਾਈਡ (ਆਤਮ ਹੱਤਿਆ) ਕਰਨਾ ਪੈਂਦਾ ਹੈ, ਕਈ ਆਪਣੀ ਜਿੰਦਗੀ ਬਹੁਤ ਦੁੱਖਾਂ ਵਿਚ ਕੱਢਦੇ ਨੇ ਪਰ ਜਿਹੜਾ ਇਕ ਸਾਧੂ ਨਾਮ ਸਿਮਰਨ ਕਰਦਾ ਹੈ ਉਹਦੇ ਕੋਲ ਸਾਰਾ ਕੁਝ ਆ ਜਾਂਦਾ ਹੈ, ਉਹਦੇ ਮਨ ਨੂੰ ਚੈਨ ਆ ਜਾਂਦਾ ਹੈ ਇਸ ਕਰਕੇ ਜਿਹੜਾ ਸੁੱਖ ਹੈ ਉਹ ਨਾਮ ਜਪਣ ਨਾਲ ਹੈ ਬਾਕੀ ਪਦਾਰਥ ਮਾਇਆ ਦੇ ਸੱਚੇ ਪਾਤਸ਼ਾਹ ਹੀ ਦਿੰਦੇ ਹਨ। ਘਾਟਾ ਕੋਈ ਰਹਿੰਦਾ ਹੀ ਨਹੀਂ ਇਸ ਕਰਕੇ ਆਪਾਂ ਉਹਨਾਂ ਦੇ ਹੁਕਮ ਮੰਨੀਏ, ਮੈਂ ਇਹ ਅਰਜ਼ ਬੇਨਤੀ ਕਰਾਂਗਾ ਕਿ ਹੁਣ ਤੁਹਾਡਾ ਸੁਬਾਐ ਬਣਿਆ ਹੈ, ਸਵੇਰੇ ਉਠਣ ਦਾ ਇਹ ਰੋਟੀਨ (ਦਿਨ ਚੜ੍ਹਿਆ) ਕੋਸ਼ਿਸ਼ ਕਰੋ ਵੱਧ ਤੋਂ ਵੱਧ ਏਸੇ ਤਰਾਂ ਬਣੀ ਰਹੇ। ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਸੁਣਾਉਂਦਾ ਹਾਂ, ਮੇਰੀ ਅਰਜ਼ ਅੰਮ੍ਰਿਤ ਵੇਲੇ ਸੂਰਜ ਚੜ੍ਹਨ ਤੋਂ ਪਹਿਲਾਂ ਹਰ ਕੋਈ ਇਸ਼ਨਾਨ ਕਰੇ ਜਿੰਨਾਂ ਵੱਧ ਤੋਂ ਵੱਧ ਹੋ ਸਕੇ 2 ਘੰਟੇ 3 ਘੰਟੇ 4 ਘੰਟੇ ਸੂਰਜ ਚੜ੍ਹਨ ਤੋਂ ਪਹਿਲਾਂ ਇਸ਼ਨਾਨ ਕਰਕੇ ਨਾਮ ਸਿਮਰਨ ਕਰਕੇ, ਗੁਰਬਾਣੀ ਦਾ ਪਾਠ ਕਰਕੇ, ਬਖਸ਼ਿਸ਼ ਮੰਗ ਕੇ ਫੇਰ ਆਪਣੇ ਕੰਮਾਂ ਕਾਰਾਂ ਤੇ ਜਾਈਏ ਹਰ ਤਰਾਂ ਕਰਕੇ ਨਿੰਦਿਆ ਚੁਗਲੀ ਈਰਖਾਂ ਤੋਂ ਬੱਚ ਕੇ ਰਹੀਏ।

ਏਨੀ ਅਰਜ਼ ਕਰਦਾ ਹੋਇਆ ਮੈਂ ਆਪਣੇ ਵਾਸਤੇ ਵੀ ਤੇ ਸਾਰੀ ਸੰਗਤ ਵਾਸਤੇ ਵੀ ਤੁਆਡੇ ਕੋਲ ਵੀ ਅਰਜ਼ ਹੈ ਕਿ ਆਪਾਂ ਬਖਸ਼ਿਸ਼ ਮੰਗੀਏ, ਆਪਾਂ ਉਹਨਾਂ ਦੇ ਹੁਕਮ ਮੰਨ ਸਕੀਏ, ਹੁਕਮ ਮੰਨਦੇ ਹੋਏ ਇਸ ਸੰਸਾਰ ਤੇ ਵੀ ਸੁਰਖਰੂ ਹੋ ਕੇ ਅਨੰਦ ਮਾਣੀਏ, ਅੱਗੇ ਵੀ ਉਹਨਾਂ ਦੇ ਚਰਨਾਂ ਵਿਚ ਸੁਰਖਰੂ ਹੋ ਕੇ ਜਾ ਸਕੀਏ ਏਨੀ ਅਰਜ਼ ਕਰਕੇ ਇਕ ਵਾਰੀ ਫੇਰ ਉਸ ਮਹਾਨ ਸਤਿਗੁਰੂ ਨੂੰ ਯਾਦ ਕਰਦਿਆਂ ਹੋਇਆਂ ਬੜੇ ਪਿਆਰ ਨਾਲ ਆਖੀਏ ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

ਸਤਿ ਸ੍ਰੀ ਅਕਾਲ ।

# ਗੁੰਮਨਾਮ ਗਦਰੀ ਸ਼ਹੀਦ ਆਤਮਾ ਰਾਮ

- ਡਾ.ਗੁਰਦੇਵ ਸਿੰਘ ਸਿੱਧੂ

ਪਹਿਲੀ ਸੰਸਾਰ ਜੰਗ ਸ਼ੁਰੂ ਹੋਈ ਤਾਂ ਇਸ ਨੂੰ ਬਰਤਾਨਵੀ ਸਾਮਰਾਜ ਦੀ ਗੁਲਾਮੀ ਵਿਚੋਂ ਹਿੰਦੁਸਤਾਨ ਨੂੰ ਮੁਕਤ ਕਰਵਾਉਣ ਦਾ ਨਾਯਾਬ ਮੌਕਾ ਮੰਨਦਿਆਂ ਵਿਦੇਸ਼ਾਂ ਤੋਂ ਗਦਰੀਆਂ ਨੇ ਦੇਸ਼ ਵੱਲ ਵਹੀਰਾਂ ਘੱਤ ਦਿੱਤੀਆਂ ਪਰ ਜਥੇਬੰਦੀ ਵਿਚ ਘੁਸੇ ਗਦਾਰਾਂ ਕਾਰਨ ਨਾ ਕੇਵਲ ਗਦਰੀਆਂ ਦੀ ਯੋਜਨਾ ਹੀ ਅਸਫ਼ਲ ਹੋਈ, ਸਗੋਂ ਚੋਣਵੇਂ ਆਗੂਆਂ ਨੂੰ ਫਾਂਸੀ, ਕਾਲੇ ਪਾਣੀ ਅਤੇ ਘੱਟ ਵੱਧ ਸਮੇਂ ਦੀਆਂ ਹੋਰ ਸਜ਼ਾਵਾਂ ਸਹਿਣੀਆਂ ਪਈਆਂ। ਪਿੱਛੇ ਬਚੇ ਆਗੂਆਂ ਨੇ ਪੂਰਬੀ ਟਾਪੂਆਂ ਵਿੱਚ ਜਥੇਬੰਦੀ ਖੜ੍ਹੀ ਕਰ ਕੇ ਅਗਲਾ ਹੰਭਲਾ ਮਾਰਨ ਦੀ ਵਿਉਂਤ ਨਾਲ ਸਿਆਮ ਨੂੰ ਕੇਂਦਰ ਬਣਾ ਕੇ ਕਾਰਵਾਈਆਂ ਸ਼ੁਰੂ ਕੀਤੀਆਂ। ਗਿਆਨੀ ਭਗਵਾਨ ਸਿੰਘ ਪ੍ਰੀਤਮ, ਭਾਈ ਸੰਤੋਖ ਸਿੰਘ ਆਦਿ ਮੁੱਢਲੇ ਕੰਮ ਲਈ ਇੱਥੇ ਥੋੜਾ ਸਮਾਂ ਗੁਜ਼ਾਰ ਕੇ ਚਲੇ ਗਏ, ਪਰ ਹਰਨਾਮ ਸਿੰਘ ਕਾਹਰੀ ਅਤੇ ਪੰਡਤ ਸੋਹਨ ਲਾਲ ਪਾਠਕ ਪੱਕੇ ਤੌਰ ਉੱਤੇ ਇਥੇ ਟਿਕ ਗਏ। ਇਹਨਾਂ ਦੀ ਯੋਜਨਾ ਜਰਮਨੀ ਦੀ ਮਦਦ ਨਾਲ ਹਥਿਆਰ ਪ੍ਰਾਪਤ ਕਰ ਕੇ ਬਰਮਾ, ਜਿੱਥੇ ਅੰਗਰੇਜ਼ ਗੋਰੀ ਫੌਜ ਨਿਗੂਣੀ ਗਿਣਤੀ ਵਿੱਚ ਅਤੇ ਸਿੱਖ ਸੈਨਿਕਾਂ ਉੱਤੇ ਆਧਾਰਿਤ ਬਰਮਾ ਮਿਲਟਰੀ ਪੁਲਸ ਬਹੁ-ਗਿਣਤੀ ਵਿੱਚ ਸੀ, ਰਾਹੀਂ ਬਰਤਾਨਵੀ ਹਿੰਦੁਸਤਾਨ ਸਰਕਾਰ ਨਾਲ ਟੱਕਰ ਲੈਣ ਦੀ ਸੀ। ਥੋੜੇ ਸਮੇਂ ਵਿਚ ਹੀ ਸਿਆਮ ਵਿੱਚ ਗਦਰੀ ਗਤੀਵਿਧੀਆਂ ਨੇ ਰਫ਼ਤਾਰ ਫੜ ਲਈ। ਹਿੰਦੁਸਤਾਨ ਸਰਕਾਰ ਨੂੰ ਇਸ ਦੀ ਜਾਣਕਾਰੀ ਮਿਲੀ ਤਾਂ ਉਸ ਨੇ ਇਸ ਨੂੰ ਸਾਬੋਤਾਜ ਕਰਨ ਵਾਸਤੇ ਹਿੰਦੁਸਤਾਨ ਸੀ.ਆਈ.ਡੀ. ਦੇ ਅਧਿਕਾਰੀ ਮਿਸਟਰ ਡੀ. ਪੈਟਰੀ ਨੂੰ ਸਪੈਸ਼ਲ ਮਿਸ਼ਨ ਉੱਤੇ ਇਸ ਇਲਾਕੇ ਵਿਚ ਭੇਜਿਆ। ਪੂਰਬੀ ਟਾਪੂਆਂ ਵਿਚ ਵੀ ਗਦਰੀਆਂ ਦੀ ਬਹੁ ਗਿਣਤੀ ਪੰਜਾਬੀਆਂ ਦੀ ਸੀ, ਇਸ ਲਈ ਮਿਸਟਰ ਪੈਟਰੀ ਆਪਣੇ ਨਾਲ ਹਰਨਾਮ ਸਿੰਘ ਨਾਉਂ ਦੇ ਪੁਲਸ ਸਬ ਇੰਸਪੈਕਟਰ ਨੂੰ ਲੈ ਕੇ ਆਇਆ। ।

ਹਰਨਾਮ ਸਿੰਘ ਜ਼ਿਲਾ ਅੰਮ੍ਰਿਤਸਰ ਵਿਚ ਜੰਡਿਆਲਾ ਗੁਰੂ ਨੇੜਲੇ ਪਿੰਡ ਗਦਲੀ ਦਾ ਰਹਿਣ ਵਾਲਾ ਸੀ। ਗੱਭਰੂ ਉਮਰ ਵਿਚ ਉਹ ਸ਼ਿੰਘਾਈ ਚਲਾ ਗਿਆ ਅਤੇ ਉੱਥੋਂ ਦੀ ਪੁਲਸ ਵਿਚ ਪੰਜਾਬੀਆਂ ਨੂੰ ਭਰਤੀ ਕਰਨ ਲਈ ਸਹਾਇਕ ਅਤੇ ਦੁਭਾਸ਼ੀਆ ਨਿਯੁਕਤ ਹੋ ਗਿਆ। ਦਸੰਬਰ 1906 ਤੋਂ 1910 ਤੱਕ ਇਹ ਨੌਕਰੀ ਕਰਨ ਉਪਰੰਤ ਉਹ ਪਿੰਡ ਆ ਗਿਆ ਅਤੇ ਪਹਿਲਾਂ ਪੰਜਾਬ ਦੇ ਜੇਲ੍ਹ ਵਿਭਾਗ ਵਿੱਚ ਕਿਸੇ ਨੌਕਰੀ ਉੱਤੇ ਰਿਹਾ ਅਤੇ ਫਿਰ 4 ਜਨਵਰੀ 1913 ਨੂੰ ਸੰਯੁਕਤ ਪ੍ਰਾਂਤਾਂ ਸਰਕਾਰ ਦੀ ਪੁਲਸ ਵਿਚ ਪੰਜਵੇਂ ਗ੍ਰੇਡ ਦਾ ਸਬ ਇੰਸਪੈਕਟਰ ਭਰਤੀ ਹੋ ਗਿਆ। 1915 ਵਿੱਚ ਉਸ ਦੀ ਤਬਦੀਲੀ ਜਾਸੂਸੀ ਮਹਿਕਮੇ ਵਿੱਚ ਹੋ ਗਈ, ਜਿੱਥੇ ਉਹ ਮਿਸਟਰ ਪੈਟਰੀ ਦਾ ਚਹੇਤਾ ਬਣ ਗਿਆ। ਉਹ ਮਿਸਟਰ ਪੈਟਰੀ ਨਾਲ ਜੁਲਾਈ 1915 ਵਿਚ ਸਿਆਮ ਪਹੁੰਚਿਆ। ਸਿਆਮ ਜਾ ਕੇ ਹਰਨਾਮ ਸਿੰਘ ਗਦਰੀ ਦੀਆਂ ਕਾਰਵਾਈਆਂ ਦਾ ਭੇਤ ਲੈਣ ਵਿਚ ਸਫ਼ਲ ਹੋ ਗਿਆ। ਉਸ ਦੀ ਸੂਹ ਉੱਤੇ ਬਹੁਤੇ ਗਦਰੀ ਫੜੇ ਗਏ। ਆਪਣੀ ਜ਼ਿੰਮੇਵਾਰੀ ਪੂਰੀ ਕਰਨ ਪਿੱਛੋਂ ਮਿਸਟਰ ਪੈਟਰੀ ਅਤੇ ਹਰਨਾਮ ਸਿੰਘ ਦਸੰਬਰ 1915 ਵਿਚ ਹਿੰਦੁਸਤਾਨ ਵਾਪਸ ਆ ਗਏ।

ਸਿਆਮ ਵਿਚ ਹੋਈਆਂ ਗ੍ਰਿਫ਼ਤਾਰੀਆਂ ਵਿਚੋਂ ਬਚੇ ਆਤਮਾ ਰਾਮ, ਗੋਪਾਲ ਸਿੰਘ, ਮੁਜਤਬਾ ਹੁਸੈਨ ਅਤੇ ਕੁਝ ਹੋਰਾਂ ਨੇ ਗਦਰੀਆਂ ਨੂੰ ਫੜਨ ਵਾਲੇ ਪੁਲਸ ਸੁਪਰਡੈਂਟ ਮਿਸਟਰ ਬੈਰਿਟ ਨੂੰ ਕਤਲ ਕਰਨ ਦੀ ਯੋਜਨਾ ਬਣਾਈ ਅਤੇ ਉਸ ਦਾ ਪਿੱਛਾ ਕਰਨ ਲੱਗੇ। ਇਕ ਦਿਨ ਅਜਿਹਾ ਕਰਦਿਆਂ ਨੂੰ ਵੇਖ ਕੇ ਇਕ ਚੀਨੀ ਸਿਪਾਹੀ ਨੂੰ ਸ਼ੱਕ ਪਿਆ ਅਤੇ ਉਸ ਨੇ ਆਤਮਾ ਰਾਮ ਨੂੰ ਜੱਫਾ ਮਾਰ ਲਿਆ। ਆਤਮਾ ਰਾਮ ਦੇ ਕੋਲ ਪਸਤੌਲ ਸੀ ਅਤੇ ਉਸ ਦੇ ਫੜੇ ਜਾਣ ਦੀ ਸੂਰਤ ਵਿਚ ਉਸ ਨੂੰ ਲਾਜ਼ਮੀ ਗਦਰੀ ਐਲਾਨ ਕੇ ਗ੍ਰਿਫਤਾਰ ਕਰ ਲਿਆ ਜਾਣਾ ਸੀ ਇਸ ਲਈ ਮੁਜਤਬਾ ਹੁਸੈਨ ਨੇ ਗੱਲੀਂ ਬਾਤੀਂ ਚੀਨੀ ਸਿਪਾਹੀ ਨੂੰ ਆਤਮਾ ਰਾਮ ਨੂੰ ਛੱਡ ਦੇਣ ਲਈ ਮਨਾਉਣ ਦੀ ਕੋਸ਼ਸ਼ ਕੀਤੀ, ਪਰ ਜਦ ਉਹ ਨਾ ਮੰਨਿਆ ਤਾਂ ਉਸ ਨੂੰ ਗੋਲੀ ਮਾਰ ਕੇ ਆਤਮਾ ਰਾਮ ਨੂੰ ਛੁਡਾ ਲਿਆ ਗਿਆ। ਆਤਮਾ ਰਾਮ, ਗੋਪਾਲ ਸਿੰਘ ਅਤੇ ਮੁਜਤਬਾ ਹੁਸੈਨ 1916 ਦੇ ਸ਼ੁਰੂ ਵਿਚ ਚੀਨ ਵਿਚ ਚਲੇ ਗਏ। ਛੇਤੀ ਹੀ ਗੋਪਾਲ ਸਿੰਘ ਵਾਪਸ ਅਮਰੀਕਾ ਚਲਾ ਗਿਆ ਅਤੇ ਮੁਜਤਬਾ ਹੁਸੈਨ ਨੂੰ ਪੁਲਸ ਨੇ ਗ੍ਰਿਫਤਾਰ ਕਰ ਕੇ ਦੂਜੇ ਮਾਂਡਲੇ ਸਾਜ਼ਿਸ਼ ਮੁਕੱਦਮੇ ਵਿਚ ਦੋਸ਼ੀ ਨਾਮਜ਼ਦ ਕਰ ਦਿੱਤਾ। ਆਤਮਾ ਰਾਮ ਕੁਝ ਸਮਾਂ ਸ਼ਿੰਘਾਈ ਰਿਹਾ, ਜਿੱਥੇ ਉਹ ਅਮਰੀਕਾ ਤੋਂ ਆਏ ਇਨਕਲਾਬੀ ਤਾਰਕ ਨਾਥ ਦਾਸ ਨੂੰ ਮਿਲਿਆ। ਇਸੇ ਸਾਲ ਗਿਆਨੀ ਭਗਵਾਨ ਸਿੰਘ ਪ੍ਰੀਤਮ ਅਤੇ ਰਾਮ ਸਿੰਘ ਧੁਲੇਤਾ ਦੇ ਚੀਨ ਦੇ ਸ਼ਹਿਰ ਨਾਨਕਿੰਨ ਵਿੱਚ ਆਉਣ ਕਾਰਨ ਇਹ ਸ਼ਹਿਰ ਗਦਰੀ

ਸਰਗਰਮੀਆਂ ਦਾ ਕੇਂਦਰ ਬਣਿਆ ਹੋਇਆ ਸੀ, ਇਸ ਲਈ ਆਤਮਾ ਰਾਮ ਵੀ ਨਾਨਕਿੰਨ ਪੁੱਜ ਗਿਆ। ਡੰਗ ਟਪਾਉਣ ਲਈ ਉਹ ਇਕ ਕੰਪਨੀ ਵਿਚ ਚੌਂਕੀਦਾਰ ਵੱਜੋਂ ਨੌਕਰੀ ਕਰਨ ਲੱਗਾ। ਹਿੰਦੁਸਤਾਨ ਸਰਕਾਰ ਨੂੰ ਗਦਰੀਆਂ ਦੇ ਚੀਨ ਵਿੱਚ ਸਰਗਰਮ ਹੋਣ ਦੀ ਸੂਚਨਾ ਮਿਲੀ ਤਾਂ ਗਦਰੀਆਂ ਦੀ ਯੋਜਨਾ ਨੂੰ ਅਸਫ਼ਲ ਕਰਨ ਵਾਸਤੇ ਇਕ ਵਾਰ ਫਿਰ ਮਿਸਟਰ ਪੈਟਰੀ ਨੂੰ ਚੀਨ ਰਵਾਨਾ ਕੀਤਾ ਗਿਆ। ਹਰਨਾਮ ਸਿੰਘ ਨੂੰ ਨਾਲ ਲੈ ਕੇ ਮਿਸਟਰ ਪੈਟਰੀ ਫਰਵਰੀ 1917 ਦੇ ਸ਼ੁਰੂ ਵਿਚ ਸਿੰਘਾਈ ਪਹੁੰਚਾ। ਉਸ ਨੇ ਹਰਨਾਮ ਸਿੰਘ ਦੀ ਡਿਊਟੀ ਲਾਈ ਕਿ ਉਹ ਆਤਮਾ ਰਾਮ ਦਾ ਪਤਾ ਲਗਾਵੇ। ਹਰਨਾਮ ਸਿੰਘ ਨੂੰ ਆਤਮਾ ਰਾਮ ਬਾਰੇ ਪੁੱਛ ਪੜਤਾਲ ਕਰਨ ਉੱਤੇ ਉਸ ਦੇ ਨਾਨਕਿੰਨ ਵਿਚ ਹੋਣ ਦੀ ਜਾਣਕਾਰੀ ਮਿਲੀ ਤਾਂ ਉਹ ਨਾਨਕਿੰਨ ਪਹੁੰਚ ਗਿਆ। ਨਾਨਕਿੰਨ ਵਿਚ ਕੁਝ ਦਿਨਾਂ ਦੀ ਭੱਜ ਦੌੜ ਉਪਰੰਤ ਉਹ ਆਤਮਾ ਰਾਮ ਨੂੰ ਲੱਭਣ ਵਿਚ ਸਫ਼ਲ ਹੋ ਗਿਆ। ਕਿਉਂ ਜੋ ਆਤਮਾ ਰਾਮ ਸਿਆਮੀ ਗਦਰੀਆਂ ਦੀ ਮੋਹਰਲੀ ਕਤਾਰ ਵਿੱਚ ਸੀ, ਜਿਸ ਨੇ ਬੰਕਾਕ ਰਹਿੰਦਿਆਂ ਜਰਮਨ ਸਫੀਰ ਨਾਲ ਸੰਪਰਕ ਰੱਖਿਆ ਹੋਇਆ ਸੀ, ਇਸ ਲਈ ਹਰਨਾਮ ਸਿੰਘ ਨੇ ਸਿਆਮ ਦੇ ਦੌਰੇ ਸਮੇਂ ਆਤਮਾ ਰਾਮ ਨੂੰ ਦੇਖਿਆ ਹੋਇਆ ਸੀ, ਜਿਸ ਕਾਰਨ ਉਸ ਨੂੰ ਆਤਮਾ ਰਾਮ ਦੀ ਸ਼ਨਾਖਤ ਕਰਨ ਵਿਚ ਮੁਸ਼ਕਲ ਨਾ ਆਈ। ਜਦ ਆਤਮਾ ਰਾਮ ਨੂੰ ਮਹਿਸੂਸ ਹੋਇਆ ਕਿ ਕਿਸੇ ਸਰਕਾਰੀ ਸੂਹੀਏ ਦੁਆਰਾ ਉਸ ਦਾ ਪਿੱਛਾ ਕੀਤਾ ਜਾ ਰਿਹਾ ਹੈ ਤਾਂ ਉਹ ਵੀ ਚੌਕਸ ਹੋ ਗਿਆ। ਜਦ ਹੋਰ ਕਿਸੇ ਤਰ੍ਹਾਂ ਪਿੱਛਾ ਛੁੱਟਦਾ ਨਜ਼ਰ ਨਾ ਆਇਆ ਤਾਂ ਉਸ ਨੇ ਸੂਹੀਏ ਨੂੰ ਕਤਲ ਕਰਨ ਦਾ ਫ਼ੈਸਲਾ ਕਰ ਲਿਆ। ਆਖਰ ਉਸ ਨੇ 10 ਫਰਵਰੀ 1917 ਨੂੰ ਗੋਲੀ ਮਾਰ ਕੇ ਹਰਨਾਮ ਸਿੰਘ ਦਾ ਕਤਲ ਕਰ ਦਿੱਤਾ।

ਸਾਂ ਫ੍ਰਾਂਸਿਸਕੋ (ਅਮਰੀਕਾ) ਤੋਂ ਭਾਈ ਭਗਵਾਨ ਸਿੰਘ 'ਪ੍ਰੀਤਮ' ਦੀ ਅਗਵਾਈ ਹੇਠ ਛਪ ਰਹੇ "ਗਦਰ ਹਿੰਦੋਸਤਾਨ" ਦੇ 14 ਮਾਰਚ 1917 ਦੇ ਅੰਕ ਵਿਚ "ਇਕ ਮੁਖਬਰ ਦਾ ਕਤਲ" ਸੁਰਖੀ ਹੇਠ ਇਸ ਕਤਲ ਦਾ ਵੇਰਵਾ ਇਉਂ ਪ੍ਰਕਾਸ਼ਿਤ ਹੋਇਆ, "ਸ਼ਿਘਾਈ ਤੋਂ ਮਿਲੀ ਖ਼ਬਰ ਅਨੁਸਾਰ ਨਾਨਕਿੰਨ (ਚੀਨ) ਵਿਚ ਆਤਮਾ ਸਿੰਘ ਨੇ ਹਰਨਾਮ ਸਿੰਘ ਨੂੰ ਕਤਲ ਕਰ ਦਿੱਤਾ ਹੈ। ਕਾਤਲ ਬਚ ਕੇ ਨਿਕਲ ਗਿਆ। ਹਰਨਾਮ ਸਿੰਘ ਨੇ ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਬਰਤਾਨਵੀ ਸਰਕਾਰ ਦੀ 'ਮੁੱਲਵਾਨ' ਸੇਵਾ ਕੀਤੀ ਸੀ। ਕਾਤਲ ਨੂੰ ਫੜਨ ਲਈ 500 ਅਮਰੀਕਨ ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ।"

ਕੁਝ ਹੀ ਦਿਨਾਂ ਪਿੱਛੋਂ ਪੁਲਸ ਨੇ ਆਤਮਾ ਰਾਮ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਵਿਰੁੱਧ ਕਤਲ ਦੇ ਦੋਸ਼ ਵਿੱਚ ਬਰਤਾਨਵੀ ਕਾਉਂਸਲੇਟ ਜੱਜ ਸ਼ਿੰਘਾਈ ਦੀ ਅਦਾਲਤ ਵਿੱਚ ਮੁਕੱਦਮਾ ਚਲਾਇਆ ਗਿਆ। ਸਰਕਾਰ ਵੱਲੋਂ ਪੇਸ਼ ਗਵਾਹਾਂ ਦਾ ਕਹਿਣਾ ਸੀ ਕਿ ਆਤਮਾ ਰਾਮ ਲਗਾਤਾਰ ਇਨਕਲਾਬੀ ਤਾਰਕ ਨਾਥ ਦੇ ਸੰਪਰਕ ਵਿੱਚ ਸੀ ਅਤੇ ਉਸ ਵੱਲੋਂ ਦਿੱਤੇ ਗਏ ਪਸਤੌਲ ਨਾਲ ਹੀ ਉਸ ਨੇ ਹਰਨਾਮ ਸਿੰਘ ਦਾ ਕਤਲ ਕੀਤਾ ਹੈ। ਅਦਾਲਤ ਵਿਚ ਦਿੱਤੇ ਆਪਣੇ ਇਕਬਾਲੀਆ ਬਿਆਨ ਵਿਚ ਆਤਮਾ ਰਾਮ ਨੇ ਪ੍ਰਵਾਨ ਕੀਤਾ ਕਿ ਉਹ ਹਰਨਾਮ ਸਿੰਘ ਨੂੰ ਦੇਸ਼ ਧ੍ਰੋਹੀ ਮੰਨਦਾ ਸੀ ਅਤੇ ਇਸ ਕਾਰਨ ਹੀ ਉਸ ਨੇ ਹਰਨਾਮ ਸਿੰਘ ਨੂੰ ਮੌਤ ਦੀ ਸਜ਼ਾ ਦਿੱਤੀ ਹੈ। ਅਦਾਲਤ ਵੱਲੋਂ ਆਤਮਾ ਰਾਮ ਨੂੰ ਕਤਲ ਦਾ ਦੋਸ਼ੀ ਮੰਨ ਕੇ ਮੌਤ ਦੀ ਸਜ਼ਾ ਦਿੱਤੀ ਗਈ। ਇਸ ਹੁਕਮ ਦੀ ਪਾਲਣਾ ਕਰਦਿਆਂ ਉਸ ਨੂੰ 2 ਜੂਨ 1917 ਨੂੰ ਸ਼ਿੰਘਾਈ ਵਿਚ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ।

ਆਤਮਾ ਰਾਮ ਦੇ ਮਾਤਾ ਪਿਤਾ ਦੇ ਨਾਉਂ ਅਤੇ ਥਾਂ ਟਿਕਾਣੇ ਬਾਰੇ ਜਾਣਕਾਰੀ ਉਪਲਭਦ ਹੋਣ ਦੀ ਤਾਂ ਗੱਲ ਹੀ ਛੱਡੋ, ਗਦਰ ਲਹਿਰ ਬਾਰੇ ਲਿਖੀਆਂ ਪੁਸਤਕਾਂ ਵਿਚ ਇਸ ਗੁੰਮਨਾਮ ਸ਼ਹੀਦ ਦਾ ਜ਼ਿਕਰ, ਸ਼ਾਇਦ ਹੀ, ਕਿਧਰੇ ਮਿਲਦਾ ਹੋਵੇ। ਅੰਗਰੇਜ਼ ਸਰਕਾਰ ਦੀ ਇਕ ਹੋਰ ਫਾਈਲ ਵਿਚੋਂ ਇੰਨਾ ਕੁ ਪਤਾ ਲੱਗਦਾ ਹੈ ਕਿ ਉਹ ਲਾਹੌਰ ਜ਼ਿਲੇ ਦੇ ਜਾਮਨ ਪਿੰਡ ਦਾ ਵਸਨੀਕ ਸੀ।

ਇਸ ਦੇ ਉਲਟ ਅੰਗਰੇਜ਼ ਸਰਕਾਰ ਵੱਲੋਂ ਹਰਨਾਮ ਸਿੰਘ ਦੇ ਪਰਿਵਾਰ ਪ੍ਰਤਿ ਅਪਣਾਈ ਪਹੁੰਚ ਦੇਖੋ!

"ਸਬ ਇੰਸਪੈਕਟਰ ਪੁਲਸ ਹਰਨਾਮ ਸਿੰਘ ਦਾ ਫੌਜਦਾਰੀ ਪੜਤਾਲੀਆ ਮਹਿਕਮੇ ਵਿਚ ਇਕ ਗੁਪਤ ਜ਼ਿੰਮੇਵਾਰੀ ਨਿਭਾਉਂਦਿਆਂ 10 ਫਰਵਰੀ 1917 ਨੂੰ ਕਤਲ ਹੋ ਗਿਆ ਹੈ," ਇਹ ਸੁਨੇਹਾ ਬਰਤਾਨਵੀ ਹਿੰਦੁਸਤਾਨ ਸਰਕਾਰ ਦੇ ਗੁਪਤਚਰ ਮਹਿਕਮੇ ਦੇ ਡਾਇਰੈਕਟਰ ਨੇ ਹਿੰਦੁਸਤਾਨ ਸਰਕਾਰ ਦੇ ਗ੍ਰਿਹਿ ਵਿਭਾਗ ਵੱਲ ਭੇਜਿਆ ਤਾਂ ਕੇਵਲ 28 ਸਾਲ ਦੀ ਉਮਰ ਵਿਚ ਜਾਨ ਤੋਂ ਹੱਥ ਧੋ ਬੈਠੇ ਹਰਨਾਮ ਸਿੰਘ ਦੇ ਪਰਿਵਾਰ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਦੀ ਵਿਧੀ ਸੋਚੀ ਜਾਣ ਲੱਗੀ। ਅੰਗਰੇਜ਼ ਅਧਿਕਾਰੀ ਮੰਨਦੇ ਸਨ ਕਿ ਹਰਨਾਮ ਸਿੰਘ ਨੇ ਅੰਗਰੇਜ਼ੀ ਸਰਕਾਰ ਪ੍ਰਤਿ ਬੇਮਿਸਾਲ ਵਫਾਦਾਰੀ ਦਾ ਪ੍ਰਗਟਾਵਾ ਕੀਤਾ ਹੈ ਇਸ ਲਈ ਉਸ ਦੇ ਪਰਿਵਾਰਿਕ ਪੈਨਸ਼ਨ ਮਾਮਲੇ ਨੂੰ ਵੀ ਵਿਸ਼ੇਸ਼ ਮੰਨ ਕੇ ਨਿਪਟਾਇਆ ਜਾਣਾ ਚਾਹੀਦਾ ਹੈ। ਫ਼ਲਸਰੂਪ ਭਾਵੇਂ ਸਬ ਇੰਸਪੈਕਟਰ ਹਰਨਾਮ ਸਿੰਘ ਦੀ ਪੈਨਸ਼ਨ ਫਾਈਲ ਲੰਡਨ ਸਥਿਤ ਸੈਕਟਰੀ ਆਫ ਸਟੇਟ ਤੱਕ ਭੇਜਣੀ ਪਈ ਪਰ

**ਬਾਕੀ ਸਫ਼ਾ 26'ਤੇ..................**

# ਨਾਮਧਾਰੀ ਪੰਥ : ਯਾਦਾਂ ਦੇ ਪਰਛਾਂਵੇਂ

✍- ਗੁਰਭਜਨ ਗਿੱਲ

ਮੈਂ ਬਹੁਤ ਨਿੱਕਾ ਜਿਹਾ ਸੀ ਜਦ ਮੇਰੇ ਤਾਇਆ ਜੀ ਦੇ ਘਰ ਹਰ ਸਾਲ ਕਣਕਾਂ ਦੀ ਵਾਢੀ ਮਗਰੋਂ ਇੱਕ ਘੋੜੀ ਵਾਲਾ ਬਾਬਾ ਆਉਂਦਾ । ਨਾਮਧਾਰੀ ਤਰਜ਼ ਦੀ ਦਸਤਾਰ ਵਾਲਾ। ਉਹ ਲਗਭਗ ਹਫ਼ਤਾ ਦੋ ਹਫ਼ਤੇ ਸਾਡੇ ਤਾਇਆ ਜੀ ਲਾਭ ਸਿੰਘ ਦੇ ਪੁੱਤਰ ਭਾ ਗੁਰਦਿਆਲ ਸਿੰਘ ਦੇ ਘਰ ਰਹਿੰਦਾ ਅਤੇ ਸਵੇਰ ਸਾਰ ਕਿਸੇ ਨਾ ਕਿਸੇ ਪਿੰਡ ਕਣਕ ਦੀ ਉਗਰਾਹੀ ਲਈ ਜਾਂਦਾ। ਸਾਰੀ ਇਕੱਠੀ ਕਣਕ ਸੰਗਤਾਂ ਵੱਲੋਂ ਭੈਣੀ ਸਾਹਬ ਦੇ ਲੰਗਰ ਵਾਸਤੇ ਸ਼ੁਕਰਾਨੇ ਵਜੋਂ ਭੇਂਟ ਕੀਤੀ ਜਾਂਦੀ ਸੀ, ਦਾਨ ਨਹੀਂ। ਨਾਮਧਾਰੀ ਸੰਸਾਰ ਨਾਲ ਇਹ ਮੇਰੀ ਪਹਿਲੀ ਵਾਕਫੀਅਤ ਸੀ। ਘੋੜੀ ਵਾਲਾ ਬਾਬਾ ਬੜਾ ਸਹਿਜ ਭਾਵੀ, ਭਰਿਆ ਭਕੁੰਨਾ, ਸਹਿਜ ਸੰਤੋਖੀ ਚਿਹਰਾ। ਨਾਮਧਾਰੀ ਸੰਸਾਰ ਨਾਲ ਮੇਰੀ ਦੂਸਰੀ ਮੁਲਾਕਾਤ ਮੇਰੇ ਸਹਿਪਾਠੀ ਸਤਨਾਮ ਸਿੰਘ ਮੰਮਣ ਕਾਰਨ ਹੋਈ । ਮੰਮਣ ਪਿੰਡ ਦੇ ਕਿਰਤੀ ਪਰਿਵਾਰ ਵਿਚੋਂ ਉੱਠਿਆ ਇਹ ਨੌਜੁਆਨ ਮੈਨੂੰ ਅੱਜ ਤੀਕ ਦੁਬਾਰਾ ਕਦੇ ਨਹੀਂ ਮਿਲਿਆ, ਪਰ ਜਿੰਨੀ ਲਗਨ, ਮਿਹਨਤ ਅਤੇ ਸਮਰਪਿਤ ਭਾਵਨਾ ਨਾਲ ਉਹ ਹਰ ਕਾਰਜ ਨੂੰ ਨੇਪਰੇ ਚਾੜ੍ਹਦਾ ਉਹ ਅੱਜ ਵੀ ਮੇਰੀ ਰੂਹ ਨੂੰ ਠੰਡ ਪਾਉਂਦਾ ਹੈ। ਸਤਨਾਮ ਸਾਡਾ ਮੁਨੀਟਰ ਸੀ, ਕਦੇ ਗੁੱਸੇ ਵਿੱਚ ਨਾ ਆਉਂਦਾ ਹਰ ਗੱਲ ਹੱਸ ਕੇ ਸਮਝਾਉਂਦਾ ਅਤੇ ਸਾਰੀ ਜਮਾਤ ਨੂੰ ਆਪਣੇ ਨਾਮਧਾਰੀ ਹੋਣ ਦਾ ਅਹਿਸਾਸ ਕਰਵਾਉਂਦਾ। ਸੱਚੀ ਗੱਲ ਤਾਂ ਇਹ ਹੈ ਕਿ ਉਦੋਂ ਮੈਨੂੰ ਇਹ ਵੀ ਨਹੀਂ ਸੀ ਪਤਾ ਕਿ ਨਾਮਧਾਰੀਏ ਕੌਣ ਹੁੰਦੇ ਨੇ, ਕਿਥੇ ਰਹਿੰਦੇ ਨੇ। ਆਮ ਵਿਅਕਤੀਆਂ ਨਾਲੋਂ ਵਧੇਰੇ ਅਨੁਸ਼ਾਸਨਬੱਧ ਇਨ੍ਹਾਂ ਲੋਕਾਂ ਬਾਰੇ ਜਾਨਣ ਦੀ ਉਤਸੁਕਤਾ ਬਾਰੇ ਹੀ ਸੀ ਕਿ ਜਦ ਮੈਂ ਉਚੇਰੀ ਪੜਾਈ ਲਈ 1971 ਵਿੱਚ ਲੁਧਿਆਣੇ ਆਇਆ ਤਾਂ ਇਥੇ ਆਉਣ ਸਾਰ ਭੈਣੀ ਸਾਹਿਬ ਦਾ ਜ਼ਿਕਰ ਤੁਰਦਿਆਂ ਇਕ ਸਵੇਰ ਸਾਈਕਲਾਂ ਤੇ ਹੀ ਭੈਣੀ ਸਾਹਿਬ ਦੀ ਧਰਤੀ ਨੂੰ ਨਮਸਕਾਰ ਕਰਨ ਲਈ ਤੁਰ ਪਿਆ।

ਰੁਜ਼ਗਾਰ ਕਾਰਨ 1976 ਵਿੱਚ ਮੈਂ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਪੁੱਜਾ ਤਾਂ ਇਥੇ ਪੜ੍ਹਦੇ ਨਾਮਧਾਰੀ ਵਿਦਿਆਰਥੀਆਂ ਨੇ ਮੈਨੂੰ ਹੋਰ ਵੀ ਪ੍ਰਭਾਵਿਤ ਕੀਤਾ। ਨਾਮਧਾਰੀ ਬੱਚਿਆਂ ਦਾ ਸੰਗੀਤ ਅਤੇ ਖੇਡਾਂ ਵੱਲ ਸਮਰਪਣ ਹੋਰ ਵੀ ਅਪੀਲ ਕਰਨ ਵਾਲਾ ਸੀ। ਇਹ ਸਾਰਾ ਕੁਝ ਰੂਹ ਤੇ ਤਾਂ ਅਸਰ ਪਾਉਂਦਾ ਰਿਹਾ ਪਰ ਨਾਮਧਾਰੀ ਢਾਂਚੇ ਅਤੇ ਸੰਗਠਨ ਨਾਲ ਮੇਰਾ ਕੋਈ ਸੰਪਰਕ ਨਹੀਂ ਹੋਇਆ। ਮੇਰੇ ਲਈ ਇੱਕੋ ਇਕ ਖਿੜਕੀ ਨਾਮਧਾਰੀ, ਜਗਦੀਸ਼ ਸਿੰਘ ਜਲੰਧਰ ਵਲੋਂ ਪ੍ਰਕਾਸ਼ਤ ਹੁੰਦਾ ਮੈਗਜ਼ੀਨ 'ਵਰਿਆਮ' ਸੀ ਜਿਸ ਵਿੱਚ ਮੇਰੀਆਂ ਲਿਖਤਾਂ ਅਕਸਰ ਛਪਦੀਆਂ। ਇਨ੍ਹਾਂ ਲਿਖਤਾਂ ਸਹਾਰੇ ਹੀ ਮੇਰੀ ਸਾਂਝ ਸ: ਪ੍ਰੀਤਮ ਸਿੰਘ ਕਵੀ ਜੀ ਨਾਲ ਹੋਈ ਜਿਨ੍ਹਾਂ ਨੇ ਨਵਾਂ ਜ਼ਮਾਨਾ ਅਖ਼ਬਾਰ ਦੇ ਬਾਹਰ ਖਲੋ ਕੇ ਆਪਣੇ ਕੈਮਰੇ ਨਾਲ ਮੇਰੀ ਜ਼ਿੰਦਗੀ ਦਾ ਪਹਿਲਾ ਰੰਗੀਨ ਚਿੱਤਰ ਖਿੱਚਿਆ। ਮਗਰੋਂ ਪਤਾ ਲੱਗਾ ਕਿ ਸ: ਪ੍ਰੀਤਮ ਸਿੰਘ ਕਵੀ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਅਤੇ ਬਾਲ ਸਖਾਈ ਮਿੱਤਰ ਹਨ। ਬੀਤੇ ਦੀਆਂ ਪੈੜਾਂ ਵਿੱਚੋਂ ਪ੍ਰਾਪਤ ਜਾਣਕਾਰੀ ਨੇ ਮੈਨੂੰ ਸਤਿਗੁਰੂ ਜਗਜੀਤ ਸਿੰਘ ਅਤੇ ਉਨਾਂ ਦੇ ਪੂਰਬਲੇ ਮਹਾਂਪੁਰਖਾਂ ਬਾਰੇ ਜਾਨਣ ਦੀ ਉਤਸੁਕਤਾ ਵਧਾਈ। 1983 ਵਿੱਚ ਜਦ ਮੈਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸੇਵਾ ਵਿੱਚ ਆਇਆ ਤਾਂ ਉਨੀਂ ਦਿਨੀਂ ਮਾਛੀਵਾੜਾ ਬਲਾਕ ਲੈਬ ਟੂ ਲੈਂਡ ਪ੍ਰੋਗਰਾਮ ਅਧੀਨ ਯੂਨੀਵਰਸਿਟੀ ਦੇ ਕਾਰਜ ਖੇਤਰ ਦਾ ਹਿੱਸਾ ਸੀ। ਆਪਣੇ ਸੀਨੀਅਰ ਅਧਿਆਪਕਾਂ ਡਾ: ਰਣਜੀਤ ਸਿੰਘ ਅਤੇ ਡਾ: ਗੁਰਦੇਵ ਸਿੰਘ ਮੋਮੀ ਦੇ ਸੰਗ ਸਾਥ ਕਈ ਵਾਰ ਭੈਣੀ ਸਾਹਿਬ ਜਾਣ ਦਾ ਸੁਭਾਗ ਹੋਇਆ, ਪਰ ਲੰਗਰ ਦੇ ਪਰਸ਼ਾਦੇ ਤੋਂ ਗੱਲ ਅੱਗੇ ਨਾ ਵਧੀ।

ਇਕ ਵਾਰ ਭੈਣੀ ਸਾਹਿਬ ਦੀ ਗਊ ਸ਼ਾਲਾ ਵੇਖਣ ਦਾ ਸਬੱਬ ਬਣਿਆ ਤਾਂ ਦੰਗ ਰਹਿ ਗਿਆ ਕਿ ਗਊਆਂ (ਮਾਵਾਂ) ਦਾ ਨਾਮ ਲੈਣ ਤੇ ਉਨ੍ਹਾਂ ਦੇ ਜਾਏ ਵੱਛੇ-ਵੱਛੀਆਂ ਇਵੇਂ ਟਪੂਸੀਆਂ ਮਾਰਦੇ ਆਉਂਦੇ ਹਨ ਕਿ ਜਿਵੇਂ ਪੰਜਾਬੀ ਭਾਸ਼ਾ ਤੋਂ ਸਾਡੇ ਨਾਲੋਂ ਵੀ ਵਧੇਰੇ ਵਾਕਿਫ਼ ਹੋਣ। ਆਗਿਆਕਾਰ ਪਸ਼ੂ, ਸਚਮੁੱਚ ਗਊਆਂ। ਉਸ ਬਜ਼ੁਰਗ ਬਾਪੂ ਦਾ ਨਾਮ ਤਾਂ ਵਿੱਸਰ ਗਿਆ ਪਰ ਗੱਲਾਂ ਚੇਤੇ ਨੇ। ਬਾਪੂ ਨੇ ਦੱਸਿਆ ਕਿ ਨਾਮਧਾਰੀ ਪੰਥ ਮੁਖੀ ਸਨਮਾਨਯੋਗ ਜਗਜੀਤ ਸਿੰਘ ਜੀ ਦੇ ਪੁਰਖ਼ਿਆਂ ਵੇਲੇ ਤੋਂ ਹੀ ਗਊਸ਼ਾਲਾ ਦਾ ਇਹੀ ਨਿਜ਼ਾਮ ਚੱਲਦਾ ਆ ਰਿਹਾ ਹੈ। ਗੋਪਾਲ ਰਤਨ ਦੀ ਉਪਾਧੀ 1965 ਈ: ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪ੍ਰਾਪਤ ਹੋਈ।

ਮੇਰੇ ਮਿਹਰਬਾਨ ਸੱਜਣ ਲਿਖਾਰੀ ਅਤੇ ਪੰਜਾਬ ਬੁੱਕ ਸੈਂਟਰ ਦੇ ਲੁਧਿਆਣਾ ਕੇਂਦਰ ਵਿੱਚ ਲੰਮਾ ਸਮਾਂ ਪ੍ਰਬੰਧਕ ਰਹੇ ਸੁਰਜੀਤ ਖੁਰਸ਼ੀਦੀ ਨੇ ਜਦ ਭੈਣੀ ਸਾਹਿਬ ਡੇਰਾ ਲਾਇਆ ਤਾਂ ਉਨਾਂ ਰਾਹੀਂ ਲੁਧਿਆਣੇ ਦੇ ਬਹੁਤੇ ਲਿਖਾਰੀਆਂ ਨੂੰ ਅਕਸਰ

ਭੈਣੀ ਸਾਹਿਬ ਜਾਣ ਦਾ ਮੌਕਾ ਮਿਲਣ ਲੱਗਾ । ਖੁਰਸ਼ੀਦੀ ਜੀ ਤੋਂ ਪਹਿਲਾਂ ਵੀ ਨਾਮਧਾਰੀ ਦਰਬਾਰ ਅਤੇ ਪੰਜਾਬੀ ਲੇਖਕਾਂ ਦਾ ਮੇਲ ਜਗ ਜਾਹਰ ਸੀ। ਸ: ਗੁਰਬਖਸ਼ ਸਿੰਘ ਪ੍ਰੀਤਲੜੀ, ਸੰਤੋਖ ਸਿੰਘ ਧੀਰ, ਪ੍ਰੋ: ਮੋਹਨ ਸਿੰਘ, ਸੰਤ ਸਿੰਘ ਸੇਖੋਂ, ਜਗਜੀਤ ਸਿੰਘ ਆਨੰਦ ਅਤੇ ਅਨੇਕਾਂ ਹੋਰ ਲਿਖਾਰੀ ਨਾਮਧਾਰੀ ਦਰਬਾਰ ਨਾਲ ਸੰਪਰਕ ਰੱਖਦੇ । ਮੈਨੂੰ ਕਈ ਵਾਰ ਅਜੀਬ ਲੱਗਦਾ ਕਿ ਆਸਥਾ ਦੇ ਸਮੁੰਦਰ ਨਾਲ ਨਾਸਤਕਤਾ ਦੀ ਇਹ ਅਜੀਬ ਰਿਸ਼ਤੇਦਾਰੀ ਕਿਵੇਂ ਨਿਭ ਰਹੀ ਹੈ ? ਹਰ ਲਿਖਾਰੀ ਦੇ ਦੁੱਖ ਦਰਦ ਅਤੇ ਤਕਲੀਫ ਵੇਲੇ ਸਤਿਗੁਰੂ ਜੀ ਬਹੁੜਦੇ ਵੇਖੇ ਹਨ, ਸਨਮਾਨਦੇ ਵੇਖੇ ਹਨ। ਪ੍ਰੋ: ਪ੍ਰੀਤਮ ਸਿੰਘ ਪਟਿਆਲਾ ਅਤੇ ਪ੍ਰੋ: ਕਿਰਪਾਲ ਸਿੰਘ ਕਸੇਲ ਤੋਂ ਇਲਾਵਾ ਡਾ: ਰਤਨ ਸਿੰਘ ਜੱਗੀ ਦਾ ਆਦਰ ਮਾਣ ਹੁੰਦਾ ਇਨਾਂ ਅੱਖਾਂ ਨੇ ਖੁਦ ਵੇਖਿਆ ਹੈ। ਇਥੇ ਹੀ ਕਹਾਣੀਕਾਰ ਸੁਖਜੀਤ ਦੀ ਸਰਪੰਚੀ ਪ੍ਰਵਾਨ ਚੜੀ ਅਤੇ ਮੇਰੇ ਹਮਉਮਰਾਂ ਦੀ ਆਮਦੋ ਰਫ਼ਤ ਵੀ ਪਹਿਲਾਂ ਨਾਲੋਂ ਕਿਤੇ ਵਧ ਗਈ। ਚੋਟੀ ਦੇ ਕਵੀ ਦਰਬਾਰ ਅਤੇ ਵਿਚਾਰ ਵਟਾਂਦਰੇ ਵਾਲੀਆਂ ਗਹਿਰ ਗੰਭੀਰੀਆਂ ਗੋਸ਼ਟੀਆਂ ਲਈ ਭੈਣੀ ਸਾਹਿਬ ਸਾਡੇ ਲਈ ਠਾਹਰ ਬਣ ਗਈ। ਇਥੇ ਸੰਤ ਹਰਪਾਲ ਸਿੰਘ ਸੇਵਕ ਅਤੇ ਹੋਰ ਸੱਜਣ ਪਿਆਰਿਆਂ ਨਾਲ ਮੁਹੱਬਤ ਦੀਆਂ ਪੀਡੀਆਂ ਗੰਢਾਂ ਦਾ ਵਿਕਾਸ ਹੋਇਆ ਹੈ। ਸੰਤ ਜਗਤਾਰ ਸਿੰਘ ਜੀ ਦੀ ਮੁਹੱਬਤ ਅਤੇ ਬਾਰੀਕ ਬੀਨ ਅੱਖ ਵਿਚੋਂ ਵੀ ਖੁਦ ਨੂੰ ਨਿਕਲਦਿਆਂ ਵੇਖਿਆ ਹੈ।

ਇਨਾਂ ਵਕਤਾਂ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦ੍ਰਿਸ਼ਟੀ ਦਾ ਅਹਿਸਾਸ ਹੁੰਦਾ ਰਿਹਾ। ਨਤਮਸਤਕ ਹੋਣ ਵੇਲੇ ਨਜ਼ਰ ਜਦ ਉੱਠਦੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਦੀ ਨਜ਼ਰ ਨਾਲ ਰੂਹ ਤ੍ਰਿਪਤ ਹੋ ਜਾਂਦੀ । ਬਿਨ ਥੰਮਾਂ ਗਗਨ ਰਹਾਇਆ ਵਰਗੇ ਹਾਲ ਵਿੱਚ ਜਦ ਚਿੱਟੇ ਵਸਤਰਾਂ ਵਾਲੇ ਸਮੁੰਦਰ ਵਿਚੋਂ ਮੇਰੇ ਵਰਗਾ ਕੋਈ ਰੰਗ ਬਰੰਗਾ ਵਿਅਕਤੀ ਸੰਬੋਧਨ ਕਰਦਾ ਤਾਂ ਸਤਿਗੁਰੂ ਉਸਨੂੰ ਵੀ ਗਹੁ ਨਾਲ ਸੁਣਦੇ ਅਤੇ ਆਪਣੇ ਪਿਆਰ ਦੁਲਾਰ ਦਾ ਭਾਗੀ ਬਣਾਉਂਦੇ। ਮੈਂ ਉਨਾਂ ਕੁਝ ਇਕ ਚੋਣਵੇਂ ਖੁਸ਼ਕਿਸਮਤ ਵਿਅਕਤੀਆਂ ਵਿੱਚ ਖੁਦ ਨੂੰ ਗਿਣ ਸਕਦਾ ਹਾਂ ਜਿਨਾਂ ਤੇ ਇਸ ਰਹਿਮਤ ਦਾ ਮੀਂਹ ਵਰ੍ਹਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਲੁਧਿਆਣਾ ਦੇ ਉਦਘਾਟਨੀ ਸਮਾਗਮ ਮੌਕੇ ਜਦ ਉਸਤਾਦ ਅਮਜ਼ਦ ਅਲੀ ਖਾਨ ਸਾਹਿਬ ਦੇ ਦੋਹਾਂ ਪੁੱਤਰਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਪਿੰਕੀ ਅਤੇ ਸ਼ਿਵਾ ਮਣੀ ਦਾ ਵਾਦਨ ਸੁਣਿਆ ਤਾਂ ਮਾਹੌਲ ਸੰਗੀਤ ਦੀ ਸਿਖ਼ਰ ਤੇ ਪਹੁੰਚਿਆ ਹੋਇਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਅਜਿਹੇ ਮੌਕਿਆਂ ਤੇ ਬੰਦਸ਼ਾਂ ਦੀ ਨਿਗਾਬਾਨੀ ਕਰਦੇ ਮੈਂ ਖੁਦ ਭੈਣੀ ਸਾਹਿਬ ਵਿਖੇ ਬਹੁਤ ਵਾਰ ਵੇਖੇ ਸਨ। ਇਸ ਮੌਕੇ ਮੈਂ ਕੁਝ ਸਤਰਾਂ ਕਵਿਤਾ ਵਰਗੀਆਂ ਮੌਕੇ ਤੇ ਹੀ ਲਿਖੀਆਂ ਜੋ ਸੰਤ ਦਲੀਪ ਸਿੰਘ ਨਾਮਧਾਰੀ ਅਤੇ ਸੰਤ ਅਜੀਤ ਸਿੰਘ ਲਾਇਲ ਨੂੰ ਸੌਂਪ ਦਿੱਤੀਆਂ। ਉਨਾਂ ਉਸੇ ਵੇਲੇ ਮੰਚ ਤੋਂ ਪੜ ਸੁਣਾਈਆਂ। ਉਹ ਕਵਿਤਾ ਗੁਆਚ ਗਈ ਸੀ। ਹੁਣ ਸੰਤ ਜਗਦੀਸ਼ ਸਿੰਘ ਨਾਮਧਾਰੀ ਨੇ ਲੱਭ ਦਿੱਤੀ ਹੈ। ਤੁਸੀਂ ਵੀ ਉਸ ਨਾਲ ਸਾਂਝ ਪਾਓ।

ਕੁਝ ਮੌਕਿਆਂ ਤੇ ਹੋਏ ਬਚਨ ਬਿਲਾਸ ਟੁੱਟਵੇਂ ਰੂਪ ਵਿੱਚ ਇਕੱਠੇ ਕਰਨੇ ਸੰਭਵ ਨਹੀਂ ਹਨ ਪਰ ਇੱਕ ਵਾਰ ਪੂਰੇ ਦੋ ਘੰਟੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਸ਼ਾਮ ਵੇਲੇ ਬੈਠਣ ਦਾ ਵਸੀਲਾ ਬਣਿਆ। ਕਾਰਨ ਸੀ ਮੇਰੇ ਮਿੱਤਰ ਤੇਜ ਪ੍ਰਤਾਪ ਸਿੰਘ ਸੰਧੂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਫੋਟੋ ਚਿੱਤਰ ਉਤਾਰਨੇ ਸਨ। ਉਸ ਦਿਨ ਦੇ ਵਾਰਤਾਲਾਪ ਵਿਚੋਂ ਕੁਝ ਕਿਣਕੇ ਮੈਨੂੰ ਹੁਣ ਵੀ ਜੀਵਨ ਵਿੱਚ ਪ੍ਰੇਰਕ ਬਣ ਕੇ ਜਗਾਉਂਦੇ ਹਨ। ਗੱਲਾਂ ਰਸਮੀ ਨਹੀਂ ਸਨ ਨਾ ਹੀ ਵਿਸ਼ਾ ਵਸ਼ਤੂ ਕਿਸੇ ਬੰਧੇਜ਼ ਦਾ ਗੁਲਾਮ ਸੀ। ਰਹਿਮਤ ਵਰਗੇ ਬੋਲਾਂ ਵਿਚੋਂ ਫੜੇ ਕੁਝ ਵਿਚਾਰ ਮੈਂ ਉਸੇ ਦਿਨ ਘਰ ਪਰਤ ਕੇ ਡਾਇਰੀ ਤੇ ਉਤਾਰ ਲਏ। ਲੰਮਾ ਸਮਾਂ ਗੁਆਚੇ ਰਹੇ। ਹੁਣ ਹਿੰਮਤ ਕਰਕੇ ਲੱਭੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਖਿਆ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੇ ਸਾਡਾ ਰਿਸ਼ਤਾ ਪਿਉ ਪੁੱਤਰ ਵਾਲਾ ਹੈ। ਜਿਵੇਂ ਬਾਪ ਆਦੇਸ਼ ਕਰਦਾ ਹੈ ਪੁੱਤਰ ਨੂੰ ਮੰਨਣਾ ਬਣਦਾ ਹੈ। ਜਿਹੜੇ ਨਹੀਂ ਮੰਨਦੇ ਉਹ ਦਰ ਦਰ ਠੋਕਰਾਂ ਖਾਂਦੇ ਹਨ। ਦਿਲ ਖੋਲ ਕੇ ਮੰਗਣ ਅਤੇ ਦੇਣ ਵਾਲੇ ਨੂੰ ਹੀ ਬਖਸ਼ਿਸ਼ ਹਾਸਿਲ ਹੁੰਦੀ ਹੈ, ਪਰ ਅਸੀਂ ਮੰਗਣ ਵੇਲੇ ਝੋਲੀ ਬਹੁਤੀ ਖਿਲਾਰ ਲੈਂਦੇ ਹਾਂ ਅਤੇ ਵੰਡਣ ਵੇਲੇ  ਮੁੱਠੀ ਘੁੱਟ ਲੈਂਦੇ ਹਾਂ। ਇਹ ਗੁਰੂ ਦਾ ਰਾਹ ਨਹੀਂ । ਉਨਾਂ ਇਹ ਵੀ ਆਖਿਆ ਕਿ ਸ਼ਬਦ ਦੀ ਸੱਤਿਆ ਤੁਹਾਡੇ ਕਰਮ ਵਿੱਚ ਲੁਕੀ ਹੋਈ ਹੈ ਜੇਕਰ ਤੁਸੀਂ ਸੰਤੋਖੀ ਨਹੀਂ ਅਤੇ ਮਾਇਆ ਦੇ ਗੁਲਾਮ ਹੋ ਤਾਂ ਤੁਹਾਡਾ ਸ਼ਬਦ ਵੀ ਅਰਥਹੀਣ ਹੋਵੇਗਾ। ਅਸੀਂ ਬਹੁਤੀ ਵਾਰ ਭਾਣੇ ਵਿੱਚ ਰਹਿਣ ਦੀ ਗੱਲ ਤਾਂ ਕਰਦੇ ਹਾਂ ਪਰ ਭਾਣਾ ਮੰਨਣ ਵੇਲੇ ਅੱਥਰੂ ਕੇਰਨ ਬੈਠ ਜਾਂਦੇ ਹਾਂ। ਇਸ ਦੋ ਅਮਲੀ ਕਾਰਨ ਹੀ ਅਸੀਂ ਆਪਣੇ ਆਪ ਨੂੰ ਦੁੱਖਾਂ ਦੇ ਪੁੜਾਂ ਵਿੱਚ ਪਿਸਦਾ ਮਹਿਸੂਸ ਕਰਦੇ ਹਾਂ। ਕਿਸੇ ਹੋਰ ਦੇ ਔਗਣਾਂ ਵੱਲ ਵੇਖਣ ਦੀ ਥਾਂ ਆਪਣੇ ਅੰਦਰ ਵੱਲ ਝਾਤੀ ਪਾਉਣ ਦੀ ਆਦਤ ਤੁਹਾਨੂੰ ਪਰਮ ਮਨੁੱਖ ਬਣਾ ਸਕਦੀ ਹੈ।ਅਸੀਂ ਸ਼ੀਸ਼ੇ ਵਿਚੋਂ ਸਿਰਫ ਚਿਹਰਾ ਵੇਖਦੇ ਹਾਂ ਰੂਹ ਦੀ ਖੂਬਸੂਰਤੀ ਨਹੀਂ। ਭਜਨ ਬਾਣੀ ਦਾ ਪਾਠ ਕਰਨਾ ਵੀ ਜ਼ਰੂਰੀ

ਹੈ ਪਰ ਅਰਥਾਂ ਤੀਕ ਪਹੁੰਚ ਕੌਣ ਕਰੇਗਾ? ਸਾਨੂੰ ਹੀ ਕਰਨੀ ਪੈਣੀ ਹੈ। ਅਸੀਂ ਸਰੋਵਰਾਂ ਵਿੱਚ ਇਸ਼ਨਾਨ ਤਾਂ ਕਰਦੇ ਹਾਂ ਪਰ ਬਦੀਆਂ ਨੂੰ ਨਾਲ ਹੀ ਚੁੱਕੀ ਫਿਰਦੇ ਹਾਂ। ਰੂਹ ਨੂੰ ਅਪਰਾਧ ਮੁਕਤ ਕਰਨ ਲਈ ਰੂਹ ਦੇ ਦਰਬਾਰ ਖਲੋਣ ਤੋਂ ਗੁਰੇਜ਼ ਕਰਦੇ ਹਾਂ। ਖੂਬਸੂਰਤੀ ਵੇਖਣ ਵਾਲੀ ਅੱਖ ਵਿੱਚ ਹੁੰਦੀ ਹੈ ਅਤੇ ਇਹ ਅੱਖ ਨਿਰਮਲ ਤਾਂ ਹੀ ਰਹਿ ਸਕਦੀ ਹੈ ਜੇਕਰ ਰੂਹ ਵਿੱਚ ਮੈਲ ਨਾ ਹੋਵੇ। ਮੌਤ ਨੂੰ ਚੇਤੇ ਰੱਖਣ ਦਾ ਅਰਥ ਇਹ ਨਹੀਂ ਕਿ ਹਰ ਵੇਲੇ ਰੋਂਦੇ ਰਹੋ ਸਗੋਂ ਇਹ ਅਰਥ ਹੈ ਕਿ ਸਮੇਂ ਦੀ ਸੁਵਰਤੋਂ ਕਰੋ। ਹਰ ਪਲ ਆਦਰਸ਼ ਦੇ ਨਾਲ ਨਾਲ ਤੁਰੋ । ਸੰਸਾਰ ਵਿੱਚ ਆਉਣ ਦਾ ਮਨੋਰਥ ਜ਼ਿੰਦਗੀ ਨੂੰ ਹੁਣ ਨਾਲੋਂ ਸੋਹਣੀ ਬਣਾਉਣਾ ਹੈ। ਅਕਾਲ ਪੁਰਖ਼ ਵੱਲੋਂ ਲਿਖੇ ਸਵਾਸਾਂ ਦੀ ਪੂੰਜੀ ਖਰਚਣ ਵੇਲੇ ਸਾਨੂੰ ਜਾਗਣਾ ਚਾਹੀਦਾ ਹੈ। ਜੀਉਂਦੇ ਹੋਣ ਦਾ ਪ੍ਰਮਾਣ ਦੇਣ ਲਈ ਸਿਰਫ ਹਰਕਤ ਚਾਹੀਦੀ ਹੈ ਅਤੇ ਹਰਕਤ ਨਾਲ ਹੀ ਬਰਕਤਾਂ ਤੁਹਾਡੇ ਘਰ ਪਰਿਵਾਰ ਵਿੱਚ ਪੱਕਾ ਨਿਵਾਸ ਕਰਦੀਆਂ ਹਨ।

ਸਤਿਗੁਰਾਂ ਇਹ ਵੀ ਆਖਿਆ ਕਿ ਨਿੰਦਿਆ ਕਰਨ ਨਾਲ ਤੁਸੀਂ ਆਪਣੇ ਹੀ ਗੁਨਾਹਾਂ ਦਾ ਪ੍ਰਕਾਸ਼ ਕਰਦੇ ਹੋ ਕਿਸੇ ਦਾ ਕੁਝ ਨਹੀਂ ਵਿਗੜਦਾ। ਆਪਣਾ ਵਿਗਾੜਨ ਲਈ ਕਿਸੇ ਹੋਰ ਦੀ ਨਿੰਦਿਆ ਕਰੀ ਜਾਓ ਆਖ਼ਰ ਤੁਹਾਨੂੰ ਹੀ ਉਦਾਸੀ ਹੋਣੀ ਹੈ। ਚੰਗਿਆਂ ਦੀ ਸੰਗਤ ਲਈ ਹਿੰਮਤ ਕਰੋ ਅਤੇ ਬੁਰਿਆਂ ਦੀ ਸੰਗਤ ਤੋਂ ਮੁਕਤ ਰਹੋ। ਜ਼ਿੰਦਗੀ ਨਿਰੰਤਰ ਸੰਘਰਸ਼ ਦਾ ਨਾਂ ਹੈ ਅਤੇ ਇਹ ਸੰਘਰਸ਼ ਕੇਵਲ ਗੁਰੂ ਆਸ਼ੇ ਦੇ ਅਨੁਸਾਰ ਤੁਰ ਕੇ ਹੀ ਜਿੱਤ ਵਿੱਚ ਤਬਦੀਲ ਹੁੰਦਾ ਹੈ। ਜਿੱਤ ਤਨ ਦੀ ਨਹੀਂ ਹਮੇਸ਼ਾਂ ਮਨ ਦੀ ਹੁੰਦੀ ਹੈ ਅਤੇ ਮਨ ਜੇਤੂ ਅੰਦਾਜ਼ ਵਿੱਚ ਸਿਰਫ ਉਦੋਂ ਹੁੰਦਾ ਹੈ ਜਦ ਤੁਹਾਨੂੰ ਕਿਤੇ ਵੀ ਕੋਈ ਦੁਸ਼ਮਣ ਨਾ ਦਿਸੇ। ਹਰ ਪਾਸੇ ਪਿਆਰ ਦਾ ਸੰਸਾਰ ਪੱਲਰਦਾ ਹੋਵੇ। ਵਿਗਿਆਨ ਸ਼ਕਤੀ ਹੈ ਪਰ ਧਰਮ ਤੋਂ ਵੱਡੀ ਨਹੀਂ। ਵਿਗਿਆਨ ਦਾ ਵੀ ਧਰਮ ਹੋਣਾ ਚਾਹੀਦਾ ਹੈ, ਕਲਾ ਵਾਂਗ ਕਲਿਆਣਕਾਰੀ, ਸਰਬੱਤ ਦਾ ਭਲਾ ਮੰਗਣ ਵਾਲਾ। ਵਿਸ਼ਵ ਸ਼ਾਂਤੀ ਸਿਰਫ ਸਾਡੀ ਲੋੜ ਨਹੀਂ ਮਨੁੱਖਤਾ ਦੀ ਲੋੜ ਹੈ। ਇਸ ਲਈ ਕਲਮ ਨੂੰ, ਬੁਰਸ਼ ਨੂੰ, ਸਾਜ ਨੂੰ ਕਦੇ ਵੀ ਚੁੱਪ ਨਹੀਂ ਬੈਠਣਾ ਚਾਹੀਦਾ ਹੈ। ਚੰਗੇ ਵਿਚਾਰ ਕਿਤੋਂ ਵੀ ਮਿਲਣ ਅਪਣਾਅ ਲਵੋ। ਇਹੀ ਮੂਲਧਨ ਜ਼ਿੰਦਗੀ ਵਿੱਚ ਖਰਚਣਯੋਗ ਪੂੰਜੀ ਹੈ। ਚੰਗੇ ਹੋਣ ਦਾ ਮਤਲਬ ਸਿਰਫ ਆਪਣੀ ਨਜ਼ਰ ਵਿੱਚ ਚੰਗੇ ਹੋਣਾ ਹੀ ਨਹੀਂ ਸਗੋਂ ਸਮਾਜ ਦੀ ਨਜ਼ਰ ਵਿੱਚ ਵੀ ਚੰਗੇ ਹੋਣਾ ਹੁੰਦਾ ਹੈ। ਦੁਨਿਆਵੀ ਪੜਾਈ ਦੇ ਨਾਲ ਨਾਲ ਗਿਆਨ ਸਾਗਰ 'ਚੋਂ ਵੀ ਮੋਤੀ ਚੁਗਿਆ ਕਰੋ। ਹੰਸ ਇਹੀ ਚੁਗਦੇ ਨੇ ਅਤੇ ਕਾਂ ਗੰਦਗੀ ਦੇ ਢੇਰ ਵਿੱਚ ਹੀ ਗਲਤਾਨ ਰਹਿੰਦੇ ਨੇ।

ਮੇਰਾ ਮਿੱਤਰ ਤੇਜ ਪ੍ਰਤਾਪ ਸਿੰਘ ਸੰਧੂ ਤਸਵੀਰਾਂ ਉਤਾਰਦਾ ਰਿਹਾ ਅਤੇ ਮੈਨੂੰ ਮਹਾਂਪੁਰਖਾਂ ਦੇ ਬਚਨਾਂ ਦਾ ਲਾਲਚ ਸੀ। ਇੱਕ ਨਹੀਂ ਅਨੇਕ ਵਾਰ ਉਨਾਂ ਨੇ ਆਖਿਆ ਕਿ ਮਨੁੱਖਤਾ ਦੀ ਬਿਹਤਰੀ ਲਈ ਕਲਮਕਾਰਾਂ ਨੂੰ ਪਹਿਲਾਂ ਨਾਲੋਂ ਵਧ ਸ਼ਕਤੀ ਨਾਲ ਕੰਮ ਕਰਨ ਦੀ ਲੋੜ ਹੈ। ਉਨਾਂ ਵਿਅਕਤੀਆਂ ਦੀਆਂ ਕਮਜ਼ੋਰੀਆਂ ਦੀ ਥਾਂ ਸ਼ਕਤੀਆਂ ਵੱਲ ਧਿਆਨ ਦੇਣ ਲਈ ਪ੍ਰੇਰਨਾ ਦਿੱਤੀ।

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀਆਂ 2002 ਦੌਰਾਨ ਹੋਈਆਂ ਚੋਣਾਂ ਵਿੱਚ ਮੇਰਾ ਮੁਕਾਬਲਾ ਮੇਰੇ ਬਹੁਤ ਸਤਿਕਾਰਯੋਗ ਇਕ ਅਜਿਹੇ ਲੇਖਕ ਨਾਲ ਸੀ ਜਿਸ ਨੂੰ ਨਾਮਧਾਰੀ ਦਰਬਾਰ ਵੱਲੋਂ ਹਮੇਸ਼ਾਂ ਸਹਿਯੋਗ ਮਿਲਦਾ ਸੀ। ਮੈਂ ਖੁਦ ਸਹਿਯੋਗ ਮੰਗਣ ਦੀ ਥਾਂ ਆਪਣੇ ਸਿਰ੍ਹਾਣੇ ਪਈ ਸਤਿਗੁਰ ਜਗਜੀਤ ਸਿੰਘ ਜੀ ਦੀ ਤਸਵੀਰ ਨਾਲ ਵਾਰਤਾਲਾਪ ਕੀਤਾ ਕਿ ਮੈਂ ਵੀ ਤੁਹਾਡਾ ਹਾਂ ਮੇਰੇ ਤੇ ਵੀ ਕਿਰਪਾ ਦ੍ਰਿਸ਼ਟੀ ਕਰੋ। ਚੋਣ ਵਿੱਚ ਮੈਂ ਜਿੱਤ ਗਿਆ। ਜਿੱਤ ਉਪਰੰਤ ਆਪਣੇ ਨਜ਼ਦੀਕੀ ਰਿਸ਼ਤੇਦਾਰ ਜਸਜੀਤ ਸਿੰਘ ਨੱਤ ਨੂੰ ਨਾਲ ਲੈ ਕੇ ਮੈਂ ਜਦ ਭੈਣੀ ਸਾਹਿਬ ਸ਼ੁਕਰਾਨਾ ਕਰਨ ਪੁੱਜਾ ਤਾਂ ਸਤਿਗੁਰ ਜਗਜੀਤ ਸਿੰਘ ਜੀ ਮੇਰੇ ਬੋਲਣ ਤੋਂ ਪਹਿਲਾਂ ਹੀ ਮੇਰੇ ਸਿਰ ਤੇ ਹੱਥ ਰੱਖ ਕੇ ਬੋਲੇ ਕਿ ਇਸ ਰੁਤਬੇ ਨੂੰ ਜ਼ਿੰਮੇਵਾਰੀ ਵਾਂਗ ਨਿਭਾਓਗੇ ਤਾਂ ਅਕਾਲ ਪੁਰਖ ਹਮੇਸ਼ਾਂ ਬਖਸ਼ਿਸ਼ ਰੱਖੇਗਾ। ਉਨਾਂ ਇਸ਼ਾਰਿਆਂ ਵਿੱਚ ਇਹ ਵੀ ਦੱਸਿਆ ਕਿ ਮੇਰਾ ਮਿਹਰਵਾਨ ਵਿਰੋਧੀ ਸਿਰਫ ਆਪਣੇ ਭਾਰ ਨਾਲ ਡਿੱਗਿਆ ਹੈ ਮੇਰੇ ਵਿਰੋਧ ਕਾਰਨ ਨਹੀਂ। ਮਹਾਂਪੁਰਖ ਬਚਨ ਕਰਦੇ ਹਨ ਅੰਮ੍ਰਿਤ ਵਰਖਾ ਵਰਗੇ। ਉਨਾਂ ਨੂੰ ਆਪਣੇ ਸਾਹਾਂ ਵਿੱਚ ਰਮਾਉਣਾ ਅਤੇ ਜ਼ਿੰਦਗੀ ਵਿੱਚ ਨਿਭਾਉਣਾ ਸਾਡਾ ਪਵਿੱਤਰ ਫਰਜ਼ ਹੈ।

2015 'ਚ ਸਤਿਗੁਰੂ ਰਾਮ ਸਿੰਘ ਜੀ ਦੀ 200 ਸਾਲਨਾਮਾ ਸ਼ਤਾਬਦੀ ਚ ਬੋਲਣ ਲਈ ਮੌਕਾ ਮਿਲਿਆ ਤਾਂ ਵਰਤਮਾਨ ਨਾਮਧਾਰੀ ਪੰਥ ਮੁਖੀ ਸਤਿਗੁਰੂ ਉਦੇ ਸਿੰਘ ਜੀ ਦੀ ਹਾਜ਼ਰੀ ਚ ਬਹੁਤ ਗੱਲਾਂ ਕਰਨ ਸੁਣਨ ਦਾ ਮੌਕਾ ਮਿਲਿਆ।

ਇਨਾਂ ਸ਼ਬਦਾਂ ਨਾਲ ਮੈਂ ਖੁਦ ਨਾਲ ਇਕਰਾਰ ਹੀ ਕਰ ਸਕਦਾ ਹਾਂ ਕਿ ਮੈਂ ਇਨ੍ਹਾਂ ਸ਼ਬਦਾਂ ਤੇ ਪਹਿਰੇਦਾਰੀ ਕਰਨ ਦਾ ਹਮੇਸ਼ਾਂ ਯਤਨ ਕਰਾਂਗਾ।

# ਜਪ-ਪ੍ਰਯੋਗ

✍- ਪੰ.ਯਾਦਵਿੰਦਰ ਸਿੰਘ

'ਆਤਸ ਦੁਨੀਆ ਖੁਨਕ ਨਾਮੁ ਖੁਦਾਇਆ' ਗੁਰਬਾਣੀ ਦੇ ਇਸ ਮਹਾਂਵਾਕ ਅਨੁਸਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 'ਸਲਾਨਾ ਨਾਮ ਸਿਮਰਨ ਜਪ ਪ੍ਰਯੋਗ' ਦੇ ਰੂਪ ਵਿੱਚ ਸਾਡੇ ਤੇ ਵੱਡੀ ਬਖਸ਼ਿਸ਼ ਕੀਤੀ ਹੈ। ਪਰਮਾਤਮਾ ਦੇ ਸਤਿਗੁਰੂ ਸਰੂਪ ਵਿੱਚ ਆਉਣ ਦਾ ਉਦੇਸ਼ ਹੀ ਏਹੀ ਹੈ ਕਿ ਸਰਬੱਤ ਦੇ ਭਲੇ ਲਈ ਲੋਕਾਂ ਨੂੰ ਧਰਮ, ਮਰਿਆਦਾ ਤੇ ਨਾਮ ਸਿਮਰਨ ਨਾਲ ਜੋੜਨਾ। ਇਹਨਾਂ ਦੈਵੀ ਗੁਣਾਂ ਨੂੰ ਆਪਣੇ ਜੀਵਨ ਵਿੱਚ ਵਸਾ ਕੇ ਹੀ ਅਸੀਂ ਸਤਿਗੁਰੂ ਦੀ ਕਿਰਪਾ ਦੇ ਪਾਤਰ ਬਣ ਸਕਦੇ ਹਾਂ ਤੇ ਉਸ ਦੀ ਕਿਰਪਾ ਸਦਕਾ ਸਦੀਵੀ ਅਨੰਦ ਮਾਣਨ ਦੇ ਯੋਗ ਬਣਦੇ ਹਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰਹੰਦ ਨਹਿਰ 'ਤੇ ਆਪਣੀ ਜਪ ਸਾਧਨਾ ਨੂੰ ਨਮਿਤ ਬਣਾ ਕੇ ਨਾਮ ਜਪਿਆ ਤੇ ਆਪਣੇ ਸਿੱਖਾਂ ਕੋਲੋਂ ਨਾਮ ਜਪਾਇਆ। ਇਸ ਪ੍ਰਥਾ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਤੇ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਸੁਚਾਰੂ ਢੰਗ ਨਾਲ ਚਲਾ ਰਹੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਜਪ ਪ੍ਰਯੋਗ ਨੂੰ ਇੱਕ ਮਹੀਨੇ ਦੀ ਥਾਂ ਸਾਰਾ ਸਾਲ ਤੇ ਦੇਸ਼-ਵਿਦੇਸ਼ ਵਿੱਚ ਜਿੱਥੇ ਵੀ ਕੋਈ ਨਾਮਧਾਰੀ ਰਹਿੰਦਾ ਹੈ, ਆਪਣੇ ਘਰ ਵਿੱਚ ਜਪ-ਪ੍ਰਯੋਗ ਰੱਖ ਸਕਦਾ ਹੈ, ਇਹ ਹੁਕਮ ਦਿੱਤਾ ਸੀ। ਪਰ ਵਿਸ਼ੇਸ਼ ਰੂਪ ਵਿੱਚ ਇਹ ਇੱਕ ਮਹੀਨਾ ਜਿਸਨੂੰ 'ਅੱਸੂ ਦਾ ਮੇਲਾ' ਕਹਿੰਦੇ ਹਾਂ, ਜਿਸ ਵਿੱਚ ਦੇਸ਼-ਵਿਦੇਸ਼ ਤੋਂ ਸਿੱਖ-ਸੰਗਤਾਂ ਸ੍ਰੀ ਭੈਣੀ ਸਾਹਿਬ ਇਕੱਤਰ ਹੋ ਕੇ ਪੂਰਨ ਗੁਰ-ਮਰਿਆਦਾ ਰੱਖ ਕੇ ਆਪਣੇ ਸਤਿਗੁਰੂ ਦੀ ਛਤਰ ਛਾਇਆ ਹੇਠ ਬੈਠ ਕੇ ਨਾਮ-ਸਿਮਰਨ ਦਾ ਅਭਿਆਸ ਕਰਦੀਆਂ ਹਨ। ਇਹ ਵਿਲੱਖਣ ਰੀਤ ਅੱਜ ਵੀ ਕਾਇਮ ਹੈ। ਅਜੋਕੇ ਭੌਤਿਕਵਾਦੀ ਭਾਵਨਾ ਵਾਲੇ ਸਮੇਂ ਵਿੱਚ ਵੀ ਸਾਲਾਨਾ ਜਪ-ਪ੍ਰਯੋਗ ਦੇ ਅਲੌਕਿਕ ਅਨੰਦ ਤੇ ਸਤਿਜੁਗੀ ਦ੍ਰਿਸ਼ ਨੂੰ ਸ਼ਬਦਾਂ ਨਾਲ ਬਿਆਨ ਕਰਨਾ ਔਖਾ ਹੈ।

ਇਸ ਜਪ ਪ੍ਰਯੋਗ ਵਿੱਚ ਮਰਿਯਾਦਾ ਅਨੁਸਾਰ ਅੰਮ੍ਰਿਤ ਵੇਲੇ ਨਾਮ-ਜਪ ਦੀ ਸਾਧਨਾ ਦੌਰਾਨ ਆਸਾ ਦੀ ਵਾਰ ਦਾ ਕੀਰਤਨ, ਦੁਪਹਿਰ ਵੇਲੇ ਦਿਵਾਨ, ਕਥਾ ਫਿਰ ਸਮੂਹਿਕ ਨਾਮ ਸਿਮਰਨ ਤੇ ਸ਼ਾਮ ਦਾ ਕੀਰਤਨ ਹੁੰਦਾ ਹੈ। ਸ਼ਾਮ ਵੇਲੇ ਨਾਮਧਾਰੀ ਪਰੰਪਰਾ ਅਨੁਸਾਰ ਜਥੇਦਾਰਾਂ ਵਲੋਂ ਦਿਵਾਨ ਸਜਾਏ ਜਾਂਦੇ ਹਨ। ਪਰ ਜਪ-ਪ੍ਰਯੋਗ ਦੇ ਪੂਰੇ ਸਮਾਗਮ ਦਾ ਕੇਂਦਰ ਬਿੰਦੂ ਨਾਮ ਸਿਮਰਨ ਦਾ ਅਭਿਆਸ ਕਰਨਾ ਹੀ ਹੈ। ਧੰਨ ਗੁਰੂ ਨਾਨਕ ਦੇਵ ਜੀ ਨੇ ਕਲਿਜੁਗੀ ਜੀਵਾਂ ਦੇ ਉਧਾਰ ਵਾਸਤੇ ਯੱਗ ਹੋਮ ਤੇ ਤਪ ਆਦਿ ਹੋਰ ਸਾਧਨਾਵਾਂ ਤੋਂ ਨਾਮ ਸਿਮਰਨ ਨੂੰ ਵੱਡਾ ਮੰਨਿਆ ਹੈ। ਯਥਾ-

ਜਗਨ ਹੋਮ ਪੁੰਨ ਤਪ ਪੂਜਾ,<br>
ਦੇਹੀ ਦੁਖੀ ਨਿਤ ਦੂਖ ਸਹੈ॥<br>
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ<br>
ਮੁਕਤਿ ਨਾਮਿ ਗੁਰਮਖਿ ਲਹੈ॥ -ਪੰਨਾ 1127

ਪਹਿਲੇ ਗੁਰੂ ਸਾਹਿਬਾਨਾਂ ਦੀ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਮਨੋਰਥ ਵੀ ਆਪਣੇ ਸਿੱਖਾਂ ਨੂੰ ਨਾਮ-ਸਿਮਰਨ ਨਾਲ ਜੋੜਨਾ ਹੀ ਸੀ। ਸਤਿਗੁਰੂ ਜੀ ਦੇ ਉਪਦੇਸ਼ਾਂ ਵਿੱਚ ਆਉਂਦਾ ਹੈ, "ਘੱਟੋ ਘੱਟ ਇੱਕ ਘੰਟਾ ਨਾਮ ਸਿਮਰਨ ਤਾਂ ਹਰ ਜੀਅ ਪ੍ਰਤੀ ਜ਼ਰੂਰੀ ਹੈ।" ਇੱਕ ਜਗ੍ਹਾ ਇਸ ਤਰ੍ਹਾਂ ਵੀ ਸਤਿਗੁਰੂ ਜੀ ਫਰਮਾਉਂਦੇ ਹਨ, "ਸਿੱਖ ਦਾ ਮੂੰਹ ਤਾਂ ਹਮੇਸ਼ਾ ਬੱਕਰੀ ਵਾਂਗ ਹਿਲਦਾ ਰਹੇ।" ਭਾਵ ਸਤਿਗੁਰੂ ਦੀ ਬਖਸ਼ਿਸ਼ ਸਕਦਾ ਨਾਮ-ਸਿਮਰਨ ਨਾਲ ਜੁੜ ਕੇ ਮਨੁੱਖ ਪਰਮਾਤਮਾ ਨੂੰ ਆਪਣੇ ਅੰਦਰ ਪ੍ਰਗਟ ਕਰ ਸਕਦਾ ਹੈ। ਨਾਮ ਜਪਣ ਕਰਕੇ ਹੀ ਸਾਡਾ ਨਾਮ ਵੀ ਨਾਮਧਾਰੀ ਹੀ ਪੈ ਗਿਆ। ਇਤਿਹਾਸ ਵਿੱਚ ਅਨੇਕਾਂ ਉਦਾਹਰਣਾਂ ਹਨ, ਜਿਨ੍ਹਾਂ ਮਹਾਂਪੁਰਸ਼ਾਂ ਨੇ ਨਾਮ ਸਿਮਰਨ ਨਾਲ ਜੁੜ ਕੇ ਮੁਕਤੀ ਪ੍ਰਾਪਤ ਕੀਤੀ। 'ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ' ਦੇ ਮਹਾਂਵਾਕ ਅਨੁਸਾਰ ਗੁਰੂ ਕਿਰਪਾ ਸਦਕਾ ਨਿਰੰਤਰ ਨਾਮ ਸਿਮਰਨ ਦੁਆਰਾ ਆਪਣੇ ਅੰਦਰ ਦੇ ਵਿਕਾਰਾਂ ਨੂੰ ਨਾਮ ਅਗਨਿ ਨਾਲ ਖਤਮ ਕਰਕੇ ਪਰਮਾਤਮਾ ਨਾਮ ਇਕਮਿਕ ਹੋ ਜਾਂਦੇ ਹਨ।

ਨਾਮ ਜਪ ਦੀ ਸਾਧਨਾ ਸੰਸਾਰ ਦਾ ਹਰ ਮਨੁੱਖ ਕਰ ਸਕਦਾ ਹੈ। ਇਸ ਵਿੱਚ ਕੋਈ ਬਾਹਰੀ ਜਾਤੀ ਜਾਂ ਦੁਨਿਆਵੀ ਵਿਦਿਆ ਦੀ ਯੋਗਤਾ ਨਹੀਂ, ਪਰ ਅੰਦਰ ਕੁਝ ਦੈਵੀ-ਗੁਣ ਜ਼ਰੂਰੀ ਹਨ, ਜਿਨ੍ਹਾਂ ਨਾਲ ਇਹ ਸਾਧਨਾ ਸਫ਼ਲ ਹੋ ਸਕੇ। ਇਹ ਗੁਣ ਉਸੇ ਤਰ੍ਹਾਂ ਹੀ ਕੰਮ ਕਰਦੇ ਹਨ ਜਿਸ ਤਰ੍ਹਾਂ ਖੇਤੀ ਨੂੰ ਅਵਾਰਾ ਪਸ਼ੂਆਂ ਤੋਂ ਬਚਾਉਣ ਵਾਸਤੇ ਵਾੜ ਲਾਈ ਜਾਂਦੀ ਹੈ। ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਦਾ ਫਰਮਾਣ ਹੈ-

ਮਨੁ ਹਾਲੀ ਕਿਰਸਾਣੀ ਕਰਣੀ ਸਰਮ ਪਾਣੀ ਤਨ ਖੇਤ॥<br>
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥

ਇਤਿਆਦਿ ਸ਼ਬਦਾਂ ਦੁਆਰਾ ਨਾਮ ਦੀ ਖੇਤੀ ਨੂੰ ਕਿਵੇਂ ਫਲੀਭੂਤ ਕਰਨਾ ਹੈ, ਇਹ ਸਪੱਸ਼ਟ ਦਰਸਾਇਆ ਗਿਆ ਹੈ। ਜਦੋਂ ਕੋਈ ਸਿੱਖ ਨਾਮ ਦੀ ਦਾਤ ਪ੍ਰਾਪਤ ਕਰਕੇ ਸਿਮਰਨ ਕਰਨਾ ਸ਼ੁਰੂ ਕਰਦਾ ਹੈ, ਉਸ ਵੇਲੇ ਉਸ ਦੇ ਮਨ ਅੰਦਰ ਇਹ ਗੁਣ ਭਾਵੇਂ ਨਾ ਹੋਣ, ਪਰ ਨਿਰੰਤਰ ਇਸ ਨਾਮ ਦੇ ਅਭਿਆਸ ਵਿੱਚ ਲੱਗੇ ਸਿੱਖ ਦੇ ਅੰਦਰ ਇਹ ਗੁਣ ਆ ਜਾਂਦੇ ਹਨ। ਸਿੱਖ ਆਪਣੇ ਸਤਿਗੁਰੂ ਦਾ ਸਹਾਰਾ ਲੈ ਕੇ ਭਾਵ ਸਤਿਗੁਰੂ ਤੇ ਪਰਮਾਤਮਾ ਵਿੱਚ ਕੋਈ ਭੇਦ ਨਾ ਜਾਣੇ 'ਗੁਰ ਪ੍ਰਮੇਸਰੁ ਏਕੋ ਜਾਣੁ'। ਸਤਿਗੁਰੂ ਜੀ ਲੋਕ ਪਰਲੋਕ ਵਿੱਚ ਰੱਖਿਆ ਕਰਨ ਵਾਲਾ, ਸਰਬਸ਼ਕਤੀਮਾਨ, ਘਟ ਘਟ ਵਿੱਚ ਪਰਿਪੂਰਨ ਤੇ ਮੇਰੇ ਸਰੀਰ ਅੰਦਰ ਵੀ ਅੰਤਰਜਾਮੀ ਰੂਪ ਵਿੱਚ ਬਿਰਾਜਮਾਨ ਹੈ। ਉਸਦੀ ਕਿਰਪਾ ਨਾਲ ਹੀ ਮੇਰੇ ਮੋਹ ਮਮਤਾ ਆਦਿ ਵਿਕਾਰਾਂ ਦਾ ਨਾਸ ਤੇ ਨਾਮ ਦੇ ਅਰਥ ਦਾ ਅੰਦਰ ਪ੍ਰਕਾਸ਼ ਹੋਇਗਾ, ਏਹੋ ਜਿਹੀ ਭਾਵਨਾ ਨਾਲ ਪੂਰਨ ਸਮਰਪਣ ਤੇ ਸ਼ਰਧਾ ਰੱਖ ਕੇ ਨਾਮ ਅਭਿਆਸ ਕਰਨਾ ਚਾਹੀਦਾ ਹੈ। ਇਸ ਦੇ ਨਾਲ ਨਾਲ ਸਤਸੰਗਤ ਤੇ ਗੁਰਬਾਣੀ ਦੀ ਵਿਚਾਰ ਕਰਕੇ ਆਪਣੇ ਜੀਵਨ ਨੂੰ ਉੱਚਾ ਤੇ ਸੁੱਚਾ ਬਣਾਉਣ ਦਾ ਯਤਨ ਕਰਨਾ ਤਾਂਕਿ ਗੁਰੂ ਨਾਨਕ ਅਨੁਸਾਰ ਨਾਮ ਦੀ ਖੇਤੀ ਕਰ ਸਕੀਏ। ਗੁਰੂ ਜੀ ਕਹਿੰਦੇ ਹਨ 'ਇਸ ਸਰੀਰ ਨੂੰ ਤੂੰ ਆਪਣਾ ਖੇਤ ਸਮਝ' ਜਿਸ ਤਰ੍ਹਾਂ ਕਿਸਾਨ ਬੀਜ ਬੀਜਣ ਵਾਸਤੇ ਖੇਤ ਨੂੰ ਸੁਆਰਦਾ ਹੈ, ਇਵੇਂ ਹੀ ਆਪਣੇ ਸਰੀਰ ਨੂੰ ਨਾਮ ਰੂਪੀ ਬੀਜ ਬੀਜਣ ਵਾਲਾ ਖੇਤ ਸਮਝ ਕੇ ਇਸ ਨੂੰ ਤੰਦਰੁਸਤ, ਪਵਿੱਤਰ ਤੇ ਇੰਦਰੀਆਂ ਨੂੰ ਵੱਸ ਵਿੱਚ ਰੱਖਣ ਦਾ ਅਭਿਆਸ ਕਰਨਾ ਹੈ-

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥

ਆਪਣੇ ਮਨ ਨੂੰ ਕਿਸਾਨ ਦੀ ਤਰ੍ਹਾਂ ਮਿਹਨਤੀ ਤੇ ਸਾਵਧਾਨ ਬਣਾਉਣਾ ਹੈ। ਮਨ ਸੁਭਾਵਿਕ ਹੀ ਬਹੁਤ ਚੰਚਲ ਹੈ, ਇਹ ਸੰਸਾਰ ਦੇ ਕੰਮਾਂ ਵਿੱਚ ਬੜੀ ਸਾਵਧਾਨੀ ਨਾਲ ਲੱਗ ਜਾਂਦਾ ਹੈ ਪਰ ਸਿਮਰਨ ਵੇਲੇ ਇੱਕ ਰਸ ਹੋ ਕੇ ਟਿਕਦਾ ਨਹੀਂ ਸੀ। ਇਸਦੀ ਚੰਚਲਤਾ ਤੇ ਲਗਾਮ ਲਗਾ ਕੇ ਇਕਾਗਰ ਕਰਨ ਲਈ ਚੰਗੀ ਸੰਗਤ, ਚੰਗੇ ਵਿਚਾਰ, ਚੰਗੇ ਕਰਮ ਕਰਦੇ ਹੋਏ ਆਪਣੀਆਂ ਫਜ਼ੂਲ ਦੀਆਂ ਚਿੰਤਾ ਪ੍ਰੇਸ਼ਾਨੀਆਂ ਤੇ ਕਾਮਨਾਵਾਂ ਦੇ ਭਾਰ ਨੂੰ ਮਨ ਤੋਂ ਹੇਠਾਂ ਲਾਹ ਕੇ ਵਰਤਮਾਨ ਵਿੱਚ ਜਿਊਣ ਦਾ ਅਭਿਆਸ ਕਰਨਾ ਚਾਹੀਦਾ ਹੈ। ਇਹੋ ਜਿਹਾ ਅਡੋਲ ਮਨ ਹੀ ਸ਼ੁਭ ਗੁਣਾਂ ਨਾਲ ਨਾਮ ਦੀ ਖੇਤੀ ਕਰ ਸਕਦਾ ਹੈ।

ਸ਼ੁਭ ਅਮਲਾਂ ਦੁਆਰਾ ਆਪਣੇ ਪਵਿੱਤਰ ਆਚਰਣ ਨੂੰ ਹੀ ਇਸ ਨਾਮ ਰੂਪੀ ਖੇਤੀ ਦਾ ਪਾਣੀ ਬਣਾਉਣਾ ਹੈ। ਜਿਸ ਤਰ੍ਹਾਂ ਪਾਣੀ ਬਿਨਾਂ ਖੇਤੀ ਸੁੱਕ ਜਾਂਦੀ ਹੈ, ਉਸੇ ਤਰ੍ਹਾਂ ਹੀ ਚੰਗੇ ਚਰਿੱਤਰ ਬਾਝੋਂ ਨਾਮ ਦੀ ਖੇਤੀ ਸੁੱਕ ਜਾਏਗੀ-

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ
ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ
ਕੋਇ ਨ ਸੁਣੈ ਪੂਕਾਰਾ॥

ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਸਾਡੇ ਸਰੀਰ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜ ਚੋਰ ਵਸਦੇ ਹਨ, ਜੋ ਅੰਮ੍ਰਿਤ ਲੁਟਦੇ ਹਨ, ਮਨਮੁਖ ਸਮਝਦੇ ਨਹੀਂ ਕੋਈ ਸਹਾਈ ਨਹੀਂ ਹੁੰਦਾ। ਪਰ ਗੁਰੂ ਮੁਖ ਮੁਖ ਹੋ ਕੇ ਅੰਮ੍ਰਿਤ ਨਾਮ ਦਾ ਰਸ ਪੀਣ ਨਾਲ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ। ਇਸ ਤਰ੍ਹਾਂ ਤੰਦਰੁਸਤ ਤੇ ਪਵਿੱਤਰ ਸਰੀਰ ਰੂਪੀ ਖੇਤ ਵਿੱਚ ਸਾਵਧਾਨ, ਇਕਾਗਰ ਤੇ ਦੈਵੀ ਗੁਣਾਂ ਨਾਲ ਭਰਪੂਰ ਮਨ ਰੂਪੀ ਕਿਸਾਨ, ਸ਼ੁਭ ਅਮਲਾਂ ਦਾ ਜਲ ਦੇ ਕੇ ਨਾਮ ਰੂਪੀ ਬੀਜ ਬੀਜਣਾ ਕਰੇ।

ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ॥

ਨਾਮ ਰੂਪੀ ਬੀਜ ਬੀਜਣ ਦੀ ਜੁਗਤ ਪੂਜਯ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਉਪਦੇਸ਼ਾਂ ਵਿੱਚ ਦੱਸਦੇ ਹਨ, ਜਿਸਦਾ ਭਾਵ ਹੈ ਕਿ 'ਸਤਿਗੁਰੂ ਦੀ ਮੂਰਤ ਹਿਰਦੇ ਵਿੱਚ ਵਸਾ ਕੇ ਗੁਰਮੰਤਰ ਦਾ ਸਹੀ ਉਚਾਰਨ ਕਰਦੇ ਹੋਏ, ਰਸਨਾ ਹਿਲਾ ਕੇ ਭਜਨ ਕਰੋ।' ਆਪਣੇ ਮਨ ਦੇ ਫੁਰਨਿਆਂ ਨੂੰ ਸੰਕੋਚ ਕੇ ਗੁਰਮੰਤਰ ਦਾ ਜਾਪ ਕਰਨਾ ਹੀ ਨਾਮ ਦਾ ਬੀਜ ਬੀਜਣਾ ਹੈ। ਇਸ ਅਭਿਆਸ ਦੇ ਨਾਲ ਹਮੇਸ਼ਾ ਆਪਣੇ ਮਨ ਵਿੱਚ ਸੰਤੋਖ ਰੱਖਣਾ, ਇਹ ਸੁਹਾਗਾ ਹੈ।

ਨਾਨਕ ਮਨੁ ਸੰਤੋਖੀਐ ਏਕਸੁ ਸਿਉ ਲਿਵ ਲਾਇ॥

ਸੰਤੋਖ ਬਹੁਤ ਵੱਡਾ ਗੁਣ ਹੈ, ਜਿਸ ਨਾਲ ਮਨ ਵਿੱਚ ਧੀਰਜ, ਠਹਿਰਾਵ ਆ ਜਾਂਦਾ ਹੈ। ਸੰਤੋਖ ਨਾਲ ਮਨ ਈਰਖਾ, ਰਾਗ-ਦਵੈਸ਼ ਤੋਂ ਉੱਪਰ ਉੱਠ ਜਾਂਦਾ ਹੈ। ਆਪਣੇ ਸਤਿਗੁਰੂ ਤੇ ਵਿਸ਼ਵਾਸ ਏਨਾਂ ਦ੍ਰਿੜ ਹੋ ਜਾਂਦਾ ਹੈ ਕਿ ਗੁਰੂ ਮੇਰੇ ਅੰਗ-ਸੰਗ ਹੈ, ਮਨ ਮਿਹਨਤ ਤੇ ਕਿਰਤ ਨਾਲ ਪ੍ਰਾਪਤ ਧਨ-ਪਦਾਰਥ ਨਾਲ ਸੰਤੁਸ਼ਟ ਰਹਿੰਦਾ ਹੈ ਤੇ ਐਵੇਂ ਵਾਧੂ ਦੇ ਲੋਭ ਲਾਲਚ ਵਿੱਚ ਆਪਣੇ ਮਨ ਨੂੰ ਦੁਖੀ ਨਹੀਂ ਕਰਦਾ। ਏਹੋ ਜਿਹੇ ਸਬਰ ਤੇ ਸ਼ੁਕਰ ਕਰਨ ਵਾਲੇ ਮਨ ਵਿੱਚ ਨਾਮ ਰੂਪੀ ਬੀਜ ਜੰਮਦਾ ਹੈ। ਸੰਤੋਖ ਨਾਲ ਹੀ ਜੀਵਨ ਸਹਿਜ ਤੇ ਸਾਦਾ ਬਣਦਾ ਹੈ।

ਸਾਦਾ ਜੀਵਨ ਮਨੁੱਖ ਨੂੰ ਅੰਤਰਮੁਖੀ ਬਣਾਉਂਦਾ ਹੈ। ਸਾਦਗੀ ਹੀ ਮਹਾਨਤਾ ਦੀ ਸਿਖਰ ਹੈ ਅਤੇ ਵੱਢਿਆਂ ਬਣ ਕੇ ਵਖਾਉਣ ਦਾ ਪ੍ਰਦਰਸ਼ਨ ਹਉਮੈ ਦਾ ਪ੍ਰਗਟਾਵਾ ਹੈ। ਸਾਦਗੀ ਨਾਲ ਮਨੁੱਖ ਦੇ ਵਿਚਾਰਾਂ ਵਿੱਚ ਬਹੁਤ ਗਹਿਰਾਈ ਤੇ ਪਵਿੱਤਰਤਾ ਬਣ ਜਾਂਦੀ ਹੈ। ਮਨੁੱਖ ਦੀਆਂ ਜ਼ਰੂਰਤਾਂ ਬਹੁਤ

**ਬਾਕੀ ਸਫ਼ਾ 18 'ਤੇ....................**

# ਦੁਸਹਿਰਾ: ਕਾਸ਼! ਅਸੀਂ ਉੱਥੇ ਹੀ ਖੜ੍ਹੇ ਰਹਿੰਦੇ

- ਜਸਵੰਤ ਸਿੰਘ 'ਮਸਤ'

ਦੁਸਹਿਰੇ ਦਾ ਤਿਉਹਾਰ ਸਾਡਾ ਸਮਾਜ ਹਜ਼ਾਰਾਂ ਸਾਲਾਂ ਤੋਂ ਮਨਾਉਂਦਾ ਆ ਰਿਹਾ ਹੈ। ਇਹ ਤਿਉਹਾਰ ਜੋ ਕਿ ਬੁਰਾਈ ਤੇ ਅਛਾਈ ਦਾ ਪ੍ਰਤੀਕ ਹੈ। ਇਸ ਦਿਨ ਰਾਵਣ ਨੂੰ ਭਗਵਾਨ ਰਾਮ ਨੇ ਇਸ ਲਈ ਮਾਰ ਮੁਕਾਇਆ ਸੀ ਕਿਉਂਕਿ ਉਹ ਮਾਤਾ ਸੀਤਾ ਨੂੰ ਜ਼ਬਰਦਸਤੀ ਉਹਨਾਂ ਦੇ ਘਰ ਵਿਚੋਂ ਛਲ ਨਾਲ ਚੁੱਕ ਕੇ ਲੈ ਗਿਆ ਸੀ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਰਾਵਣ ਬੇਸ਼ੱਕ ਮਾਤਾ ਸੀਤਾ ਨੂੰ ਜ਼ਬਰਦਸਤੀ ਆਪਣੇ ਰਾਜ ਵਿੱਚ ਤਾਂ ਲੈ ਗਿਆ, ਪਰ ਧੱਕੇ ਨਾਲ ਆਪਣੇ ਘਰ ਨਾ ਲੈ ਕੇ ਗਿਆ। ਰਾਵਣ ਨੇ ਮਾਤਾ ਸੀਤਾ ਨੂੰ ਰਹਿਣ ਲਈ ਵੱਖਰੀ ਜਗ੍ਹਾ ਦਾ ਪ੍ਰਬੰਧ ਕੀਤਾ। ਉਸਨੇ ਮਾਤਾ ਸੀਤਾ ਨੂੰ ਆਪਣੀ ਰਾਣੀ ਬਣਾਉਣ ਲਈ ਕਿਸੇ ਤਰ੍ਹਾਂ ਦੀ ਜੋਰ-ਜ਼ਬਰਦਸਤੀ ਨਾ ਕੀਤੀ। ਹਾਂ! ਉਹ ਚਾਹੁੰਦਾ ਜ਼ਰੂਰ ਸੀ ਕਿ ਆਪਣੇ ਮਨੋਂ ਰਾਵਣ ਨੂੰ ਸੀਤਾ ਅਪਨਾ ਲਏ। ਉਸ ਨੇ ਕਈ ਸੱਜਣਾਂ ਨੂੰ ਵੀ ਸੀਤਾ ਦਾ ਮਨ ਬਦਲਣ ਲਈ ਭੇਜਿਆ, ਪਰ ਕਾਮਯਾਬ ਨਾ ਹੋ ਸਕਿਆ। ਸਾਡੇ ਪੌਰਾਣਿਕ ਗ੍ਰੰਥਾਂ ਦਾ ਮੰਨਣਾ ਤਾਂ ਇਹ ਵੀ ਹੈ ਕਿ ਉਸਨੇ ਕਈ ਵਾਰ ਭਗਵਾਨ ਰਾਮ ਵਰਗੇ ਬਸਤਰ ਪਾ ਕੇ ਉਹਨਾਂ ਵਰਗਾ ਰੂਪ ਬਣਾ ਕੇ ਵੀ ਸੀਤਾ ਕੋਲ ਜਾਣ ਦੀ ਕੋਸ਼ਿਸ਼ ਕੀਤੀ, ਪਰ ਅਸਫਲ ਰਿਹਾ। ਦੇਖਣ ਵਾਲੀ ਗੱਲ ਇਹ ਹੈ ਕਿ ਰਾਵਣ ਸੀਤਾ ਨੂੰ ਅਪਨਾਉਣਾ ਤਾਂ ਚਾਹੁੰਦਾ ਸੀ, ਪਰ ਧੱਕੇ ਨਾਲ ਨਹੀਂ, ਉਹ ਤਾਂ ਚਾਹੁੰਦਾ ਸੀ ਕਿ ਸੀਤਾ ਉਸ ਨੂੰ ਆਪਣੇ ਮਨ ਤੋਂ ਪਤੀ ਪ੍ਰਵਾਣ ਕਰ ਲਵੇ। ਬੇਸ਼ੱਕ ਉਹ ਮਾਤਾ ਸੀਤਾ ਨੂੰ ਧੋਖੇ ਨਾਲ ਘਰੋਂ ਚੁੱਕ ਕੇ ਲੈ ਗਿਆ। ਆਪਣੀ ਕੈਦ ਵਿੱਚ ਵੀ ਰੱਖਿਆ। ਕਈ ਤਰ੍ਹਾਂ ਦੇ ਲਾਲਚ ਵੀ ਉਸ ਨੇ ਮਾਤਾ ਸੀਤਾ ਨੂੰ ਦਿੱਤੇ ਹੋਣਗੇ। ਪਰ ਉਸਨੇ ਕਿਸੇ ਵੀ ਤਰ੍ਹਾਂ ਆਪਣੀ ਤਾਕਤ ਦੇ ਜ਼ੋਰ ਤੇ ਧੱਕੇ ਨਾਲ ਮਾਤਾ ਸੀਤਾ ਦਾ ਸਤ ਨਾ ਤੋੜਿਆ।

ਸਵਾਲ ਤਾਂ ਮਨ ਵਿੱਚ ਇਹ ਉੱਠਦਾ ਹੈ ਕਿ ਅੱਜ ਤੋਂ ਹਜਾਰਾਂ ਸਾਲ ਪਹਿਲਾਂ ਜੇ ਇੱਕ ਰਾਜਾ ਵੀ ਇੱਕ ਔਰਤ ਨੂੰ ਚੁੱਕ ਕੇ ਆਪਣੇ ਰਾਜ ਵਿਚ ਲੈ ਜਾਂਦਾ ਹੈ। ਉਸਨੂੰ ਆਪਣੀ ਕੈਦ ਵਿਚ ਰੱਖਦਾ ਹੈ। ਉਸ ਔਰਤ ਦੀ ਇੱਛਾ ਦੇ ਵਿਰੁੱਧ ਵੀ ਉਸ ਨਾਲ ਵਿਆਹ ਨਹੀਂ ਕਰਵਾਉਂਦਾ। ਨਾਲ ਦੀ ਨਾਲ ਹੋਰ ਮੰਤਰੀਆਂ, ਬਾਕੀ ਨਾਲ ਦੇ ਰਾਜਿਆਂ ਤੋਂ ਵੀ ਉਸਦੇ ਸਤ ਨੂੰ ਸੁਰੱਖਿਅਤ ਰੱਖਦਾ ਹੈ। ਉਸ ਔਰਤ ਦੀ ਹਰ ਤਰ੍ਹਾਂ ਦੀ ਸੁਖ-ਸੁਵਿਧਾ ਦਾ ਖਿਆਲ ਰੱਖਿਆ ਜਾਂਦਾ ਹੈ। ਉਸ ਦੀ ਸੇਵਾ ਲਈ ਸੇਵਿਕਾ ਦਿੱਤੀ ਜਾਂਦੀ ਹੈ। ਫਿਰ ਵੀ ਉਸ ਰਾਜੇ ਨੂੰ ਸਾਡੀ ਸੰਸਕ੍ਰਿਤੀ ਦੇ ਵਿਚ ਦੈਤ ਆਖਿਆ ਗਿਆ, ਕਿਉਂਕਿ ਉਸਨੇ ਇੱਕ ਇਸਤਰੀ ਦਾ ਹਰਣ ਕੀਤਾ।

ਸਾਡੀ ਸੰਸਕ੍ਰਿਤੀ ਦੇ ਇਸ ਅਧਿਆਏ ਨੂੰ ਦੇਖ ਕੇ ਹੈਰਾਨ ਹੋਈਦਾ ਹੈ ਕਿ ਸਾਡੀ ਸੋਚ ਕਿੰਨੀ ਨਿੱਘਰ ਗਈ ਹੈ। ਹਜ਼ਾਰਾਂ ਸਾਲ ਪਹਿਲਾ ਦੇ ਤਾਂ ਦੈਂਤ ਵੀ ਅੱਜ ਦੇ ਦੇਵਤੇ ਮਨੁੱਖ ਨਾਲੋਂ ਚੰਗੇ ਸੀ। ਅੱਜ ਜਦ ਹਰ ਰੋਜ਼ ਸਾਡੇ ਦੇਸ ਦੇ ਕਿਸੇ ਨਾ ਕਿਸੇ ਕੋਨੇ ਵਿਚੋਂ ਔਰਤ ਨਾਲ ਜ਼ਬਰ-ਜਿਨਾਹ ਅਤੇ ਛੇੜਖਾਨੀ ਆਦਿ ਦੀ ਖ਼ਬਰ ਆਉਂਦੀ ਹੈ ਤਾਂ ਸੋਚੀਦਾ ਹੈ ਕਿ ਅਸੀਂ ਕਿਥੇ ਤੋਂ ਕਿਥੇ ਪੁੱਜ ਗਏ ਹਾਂ।

ਕੀ ਅਸੀਂ ਇਸੇ ਤਰ੍ਹਾਂ ਹੀ ਗਰਕਦੇ ਜਾਵਾਂਗੇ? ਇਥੇ ਕਿੰਨੀਆਂ ਕੁ ਦਾਮਨੀਆਂ ਬਲੀ ਚੜ੍ਹਦੀਆਂ ਰਹਿਣਗੀਆਂ? ਅਸੀਂ ਹਰ ਸਾਲ ਦੁਸਹਿਰਾ ਤਾਂ ਮਨਾ ਰਹੇ ਹਾਂ ਪਰ ਸਿੱਖਿਆ ਕਿਉਂ ਨਹੀਂ ਲੈ ਰਹੇ? ਹੁਣ ਤਾਂ ਇਨਸਾਫ਼ ਵੀ ਉਹਨਾਂ ਹੀ ਜ਼ਬਰ-ਜਿਨਾਹ ਪੀੜਤਾਂ ਜਾਂ ਸ਼ੋਸ਼ਿਤ ਔਰਤਾਂ ਨੂੰ ਹੀ ਮਿਲਦਾ ਹੈ ਜਿਨਾਂ ਪੀੜਤ ਧਿਰਾਂ ਕੋਲ ਆਰਥਿਕ, ਰਾਜਨੀਤਕ ਪੱਖ ਦੀ ਖੁਸ਼ਹਾਲੀ ਹੋਵੇ ਜਾਂ ਮੀਡੀਆ ਦੀ ਸਵੱਲੀ ਨਜ਼ਰ ਪੈ ਜਾਵੇ ਜਾਂ ਕੇਸ ਨੂੰ ਕਿਸੇ ਵਿਸ਼ੇਸ਼ ਧਰਮ ਦੀ ਰੰਗਣ ਚੜ੍ਹ ਜਾਵੇ। ਨਹੀਂ ਤਾਂ ਇਥੇ ਹਜ਼ਾਰਾਂ ਔਰਤਾਂ ਤੇ ਬੱਚੀਆਂ ਕਈ ਤਰਾਂ ਦੇ ਸ਼ੋਸ਼ਣ ਦੇ ਬਾਵਜੂਦ ਅਖ਼ਬਾਰਾਂ ਦੀਆਂ ਖ਼ਬਰਾਂ ਬਣ ਕੇ ਕੂੜੇ ਦੇ ਢੇਰਾਂ ਵਿੱਚ ਹੀ ਰੁਲ ਜਾਂਦੀਆਂ ਹਨ। ਹੈਰਾਨ ਤਾਂ ਇਸ ਲਈ ਵੀ ਹੋਣਾ ਪੈ ਰਿਹਾ ਹੈ ਕਿ ਅਸੀਂ ਹਜ਼ਾਰਾਂ ਸਾਲਾਂ ਤੋਂ ਦੁਸਹਿਰਾ ਮਨਾਉਂਦੇ ਤਾਂ ਆ ਰਹੇ ਹਾਂ ਪਰ ਹਰ ਸਾਲ ਸਾਡੇ ਦੇਸ ਵਿੱਚ ਔਰਤ ਦੀ ਸਥਿਤੀ ਬਦਤਰ ਤੋਂ ਬਦਤਰ ਹੁੰਦੀ ਜਾ ਰਹੀ ਹੈ। ਹਜ਼ਾਰਾਂ ਸਾਲ ਪਹਿਲਾਂ ਜੇ ਇੱਕ ਸ਼ਖ਼ਸ ਔਰਤ ਨੂੰ ਸਿਰਫ਼ ਚੁੱਕ ਕੇ ਆਪਣੀ ਕੈਦ ਵਿਚ ਲੈ ਜਾਂਦਾ ਹੈ ਤੇ ਉਸ ਔਰਤ ਦੀ ਇੱਛਾ ਦਾ ਸਤਿਕਾਰ ਵੀ ਕਰਦਾ ਹੈ ਤੇ ਉਸਦੇ ਨਾਲ ਆਪਣੀ ਤਾਕਤ ਦੇ ਜ਼ੋਰ ਤੇ ਵਿਆਹ ਵੀ ਨਹੀਂ ਕਰਦਾ। ਫਿਰ ਵੀ ਸਾਡਾ ਸਮਾਜ ਉਸਨੂੰ ਮੌਤ ਦੀ ਸਜ਼ਾ ਦਿੰਦਾ ਹੈ। ਪਰ ਅੱਜ ਹਜ਼ਾਰਾਂ ਸਾਲ ਬੀਤਣ ਤੇ ਸਾਡੇ ਸਮਾਜ ਵਿਚ ਔਰਤ ਦੀ ਦਸ਼ਾ ਤੇ ਸਤਿਕਾਰ ਵਧਣ ਦੀ ਥਾਂ ਘਟ ਗਿਆ ਹੈ। ਅੱਜ ਤਾਂ ਔਰਤਾਂ ਨਾਲ ਜ਼ਬਰ-ਜਿਨਾਹ ਕਰਨ ਵਾਲੇ ਸਮਾਜ ਵਿਚ ਸ਼ਰੇਆਮ ਘੁੰਮਦੇ ਫਿਰਦੇ ਮਿਲ ਜਾਣਗੇ। ਅਸੀਂ ਦੁਸਹਿਰੇ ਤੋਂ ਹੀ ਕੁਝ ਸਿਖ ਲੈਂਦੇ। ਹਰ ਸਾਲ ਦੁਸਹਿਰੇ ਤੇ ਨਕਲੀ ਰਾਵਣ ਨੂੰ ਸਜ਼ਾ ਦੇਣ ਦੀ ਥਾਂ ਅਸਲੀ ਰਾਵਣ ਨੂੰ ਸਜ਼ਾ ਦੇਣ ਲੱਗ ਜਾਂਦੇ ਤਾਂ ਔਰਤ ਦੇ

ਸ਼ੋਸ਼ਣ ਦਾ ਕਲੰਕ ਕਦੋਂ ਦਾ ਸਾਡੇ ਮਥੇ ਤੋਂ ਉਤਰ ਜਾਣਾ ਸੀ। ਅਜੇ ਵੀ ਜ਼ਰੂਰਤ ਹੈ ਕਿ ਜੋ ਹਰ ਸਾਲ ਅਸੀਂ ਰਾਵਣ ਦਾ ਬੁੱਤ ਫੂਕਣ ਦਾ ਸਮਾਗਮ ਕਰਨ ਸਮੇਂ ਹਜ਼ਾਰਾਂ ਰੁਪਏ ਖ਼ਰਚ ਕਰ ਰਹੇ ਹਾਂ, ਇਸ ਸਮਾਗਮ ਨੂੰ ਸਾਦਾ ਕਰਕੇ ਲੋਕਾਂ ਦੀ ਸੋਚ ਬਦਲਣ ਲਈ ਖ਼ਰਚ ਕਰੀਏ। ਲੋੜ ਹੈ ਸਮਾਜ ਨੂੰ ਸਿੱਖਿਅਤ ਕਰਨ ਦੀ। ਜ਼ਰੂਰਤ ਹੈ ਕਿ ਹਰ ਸਾਲ ਨਕਲੀ ਰਾਵਣ ਮਾਰਨ ਦੀ ਥਾਂ ਆਪਣੇ ਅੰਦਰ ਦੇ ਰਾਵਣ ਨੂੰ ਮਾਰਨ ਦੀ। ਆਪਣੇ ਬੱਚਿਆਂ ਦੇ ਅੰਦਰ ਰਾਵਣ ਪੈਦਾ ਹੋਣ ਤੋਂ ਪਹਿਲਾਂ ਹੀ ਚੰਗੇ ਵਿਚਾਰ ਉਹਨਾਂ ਅੰਦਰ ਭਰ ਦਿਓ ਤਾਂ ਜੋ ਕਦੇ ਉਹਨਾਂ ਅੰਦਰ ਰਾਵਣ ਪੈਦਾ ਹੋਵੇ ਹੀ ਨਾ।

ਮਾਪਿਆਂ ਨੂੰ ਬੇਨਤੀ ਹੈ ਕਿ ਦੁਸਹਿਰੇ ਮਨਾਓ ਚਾਹੇ ਨਾ ਮਨਾਓ, ਰਾਮਲੀਲਾ ਦੇਖੋ ਚਾਹੇ ਨਾ ਦੇਖੋ, ਪਰ ਆਪਣੇ ਬੱਚਿਆਂ ਤੋਂ ਪ੍ਰਣ ਜਰੂਰ ਲਓ ਕਿ ਉਹ ਆਪਣੇ ਅੰਦਰ ਦੇ ਰਾਖ਼ਸ਼ਸ ਨੂੰ ਕਦੇ ਵੀ ਪੈਦਾ ਨਾ ਹੋਣ ਦੇਣਗੇ। ਸਿਰਫ ਮੁੰਡੇ ਹੀ ਨਹੀਂ, ਸਗੋਂ ਕੁੜੀਆਂ ਤੋਂ ਵੀ ਇਹ ਪ੍ਰਣ ਲੈ ਲਿਆ ਜਾਵੇ। ਕਿਉਂਕਿ ਹੁਣ ਵਿਰਲੀ-2 ਖਬਰ ਮੁੰਡਿਆਂ ਦੇ ਸ਼ੋਸਣ ਦੀ ਵੀ ਆਉਣ ਲੱਗ ਪਈ ਹੈ। ਚੰਗਾ ਸਮਾਜ ਉਹ ਹੁੰਦਾ ਹੈ ਜਿਹੜਾ ਬੁਰਾਈ ਦੀ ਬੋ ਆਉਣ ਤੇ ਹੀ ਉਸਨੂੰ ਖ਼ਤਮ ਕਰਨ ਲਈ ਯਤਨ ਸ਼ੁਰੂ ਕਰ ਦੇਵੇ। ਦੁਸਹਿਰਾ ਅਸਲੀ ਤਾਂ ਉਸੇ ਦਿਨ ਮਨਾਇਆ ਜਾਵੇਗਾ ਜਿਸ ਦਿਨ ਸਾਡੇ ਸਮਾਜ ਨੇ ਰਾਖਸ਼ਸ਼ ਸੋਚ ਵਾਲੇ ਬੰਦੇ ਪੈਦਾ ਕਰਨੇ ਬੰਦ ਕਰ ਦਿੱਤੇ।

ਅੱਜ ਸਾਡੇ ਭਾਰਤੀ ਸਮਾਜ ਵਿੱਚ ਮਾਨਸਿਕ ਪ੍ਰਦੂਸ਼ਨ, ਹੈਵਾਨੀਅਤ ਵਧ ਰਹੀ ਹੈ, ਦੁਸਿਹਰਾ ਮਨਾ ਕੇ ਅਸੀਂ ਬੁਰਿਆਈ ਤਾਂ ਘਟਾ ਨਾ ਸਕੇ ਪਰ ਘੱਟੋ ਘੱਟ ਕਰੋੜਾਂ ਰੁਪਏ ਕਿਸੇ ਗਰੀਬ ਬੱਚੀਆਂ ਦੀ ਜ਼ਿੰਦਗੀ ਤੇ ਖਰਚਣ ਦੀ ਥਾਂ ਫਜ਼ੂਲ ਪ੍ਰਦਰਸ਼ਨ ਤੇ ਸਾੜ ਰਹੇ ਹਾਂ, ਹਵਾ ਵਿੱਚ ਜ਼ਹਿਰੀਲੇ ਧੂੰਏ ਦਾ ਪ੍ਰਦਰਸ਼ਨ ਦੁਸਿਹਰੇ ਅਤੇ ਦੀਵਾਲੀ ਤੇ ਏਨਾਂ ਵੱਧ ਜਾਂਦਾ ਹੈ ਕਿ ਸਾਹ ਦੀਆਂ, ਦਮੇ ਦਿਲ ਦੀਆਂ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ ਫੇਰ ਅਸੀਂ ਕਰੋੜਾਂ ਰੁਪਏ ਦਵਾਈਆਂ ਤੇ ਖਰਚਦੇ ਹਾਂ। ਧਰਮ ਦਾ ਪ੍ਰਦੂਸ਼ਿਤ ਰੂਪ ਸਮਾਜ ਨੂੰ ਕੋਈ ਚੰਗੀ ਸੇਧ ਦੇਣ ਦੀ ਥਾਂ ਕੁਰਹੇ ਪਾ ਰਿਹਾ ਹੈ। 'ਕੂਰ ਕ੍ਰਿਆ ਉਰਝਿਓ ਸਭ ਹੀ ਜਗ' ਦਾ ਵਾਤਾਵਰਣ ਬਣਿਆ ਹੋਇਆ ਹੈ।

ਇਹੋ ਕਾਰਣ ਹੈ ਕਿ ਨਵੀਂ ਪੀੜ੍ਹੀ ਧਰਮ ਤੋਂ ਮੁਖ ਮੋੜ ਰਹੀ ਹੈ। ਅੱਜ ਲੋੜ ਹੈ ਕਿ ਸਾਰੇ ਹੀ ਧਰਮਾਂ ਦੇ ਰਹਿਨੁਮਾ ਇਕੱਠੇ ਹੋ ਕੇ ਸਰਬ ਸਾਂਝੀਵਾਲਤਾ ਅਤੇ ਕਲਿਆਣਕਾਰੀ ਧਰਮ ਦੀ ਸਥਾਪਨਾ ਕਰਨ। ਅੱਜ ਦੇ ਹਾਲਾਤ ਦੇਖ ਕੇ ਤਾਂ ਇਹੋ ਲੱਗਦਾ ਹੈ ਕਿ ਕਾਸ਼! ਅਸੀਂ ਰਾਮ-ਰਾਵਣ ਦੇ ਸਮਾਜ ਵਾਲੀ ਥਾਂ ਹੀ ਖੜ੍ਹੇ ਰਹਿੰਦੇ।


**ਸ੍ਰੀ ਭੈਣੀ ਸਾਹਿਬ**

**ਮੋਬਾਈਲ ਨੰ: 98550-58178**


**..........ਬਾਕੀ ਸਫ਼ਾ 16 ਦੀ (ਜਪ ਪ੍ਰਯੋਗ)**

ਘਟ ਜਾਂਦੀਆਂ ਹਨ ਤੇ ਜੀਵਨ ਬਹੁਤ ਸੌਖਾ ਤੇ ਸੁਖਦਾਈ ਬਣ ਜਾਂਦਾ ਹੈ। ਇਹੋ ਜਿਹਾ ਸਾਦਾ ਜੀਵਨ ਨਾਮ ਰਸ ਨੂੰ ਪ੍ਰਗਟ ਕਰਦਾ ਹੈ। ਪਰਮਾਤਮਾ ਦੀ ਯਾਦ ਹੀ ਸਿੱਖ ਦਾ ਸ਼ਿੰਗਾਰ ਹੈ, ਜੋ ਉਸਨੂੰ ਸਭ ਤੋਂ ਸੁਹਣਾ ਬਣਾ ਦੇਂਦਾ ਹੈ ਤੇ ਬਾਹਰੀ ਸ਼ਿੰਗਾਰ ਦੀ ਮੰਗ ਦਾ ਆਕਰਸ਼ਨ ਖ਼ਤਮ ਹੋ ਜਾਂਦਾ ਹੈ।

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥

ਅੰਤ ਵਿੱਚ ਗੁਰਦੇਵ ਕਹਿੰਦੇ ਹਨ ਕਿ-

ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥

ਜਿਸਨੇ ਇਸ ਤਰ੍ਹਾਂ ਪ੍ਰੇਮ ਨਾਲ ਨਾਮ ਦੀ ਖੇਤੀ ਕੀਤੀ ਹੈ, ਉਸਨੂੰ ਸਤਿਗੁਰੂ ਦੀ ਕਿਰਪਾ ਨਾਲ ਨਾਮ ਦਾ ਰਸ ਭਾਵ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੋ ਸਲਾਨਾ ਜਪ ਪ੍ਰਯੋਗ ਦੀ ਦਾਤ ਸਾਨੂੰ ਦਿੱਤੀ ਹੈ, ਉਹ ਇਹੀ ਸਿਖਾਉਣ ਵਾਸਤੇ ਹੈ ਕਿ ਸਿੱਖ ਕਿਸ ਤਰ੍ਹਾਂ ਆਪਣੇ ਜੀਵਨ ਵਿੱਚ ਗੁਰ ਮਰਿਆਦਾ ਨੂੰ ਅਪਨਾ ਕੇ ਨਾਮ ਰੂਪੀ ਬੀਜ ਦੀ ਖੇਤੀ ਕਰਕੇ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰ ਸਕਦੇ ਹਨ। ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਅੱਜ ਵੀ ਨਾਮਧਾਰੀ ਸਿੱਖਾਂ ਦੀ ਨਾਮ-ਅਭਿਆਸ ਦੀ ਸਾਧਨਾ ਚੱਲ ਰਹੀ ਹੈ।


**ਪਿੰਡ-ਝੱਲ,**

**ਸੰਪਰਕ : 8194819095**

# KIDNEY DISEASES IN INDIA: WHY FOCUS SHOULD BE ON PREVENTION RATHER THAN TREATMENT?

*–Dr. Bakhshish Singh*

India is a vast country with diverse population. It has a unique set of health problems. At one end of the spectrum are the communicable diseases related to malnutrition, poor sanitation and poverty such as tuberculosis, diarrhea and malaria. However the other end of the spectrum of lifestyle diseases like Diabetes & hypertension are also increasing at an alarming rate. The last decade has seen an epidemic rise of these diseases leading to a huge increase in the incidence and prevalence of chronic kidney disease (CKD).

As per latest ICMR reports prevalence of Diabetes has risen to 7.5% in rural India and up to 28% in some urban parts of India. Latest studies from India peg the prevalence of CKD from 2.5% to as high as 13% with diabetes and hypertension contributing to the bulk of CKD. Most of these studies under estimate the true prevalence of this deadly disease.

Another point of concern is the relative early occurring of kidney involvement in diabetics (20-40 years age group) in our country. To compound the problem further majority of the diabetics in India have a very poor blood sugar control.

The healthcare delivery system in India is under developed as compared to the developed world. The government set up is mostly poorly funded and badly managed. Most of the government health facilities are extremely overburdened and under staffed leading the onus to provide quality healthcare to the private sector. But this comes at a stiff cost which majority of the Indians can't afford. Chronic kidney disease leading on to kidney failure is an excellent example at hand. Of all the patients who develop end stage kidney failure in India, only 10-15% of them get proper treatment. 6000 undergo kidney transplant, 60,000 undergo hemodialysis and 6000 prefer to take peritoneal dialysis in a year. Rest of around six-lakh people die for want of renal replacement therapy.

No wonder providing proper treatment to this huge number of patients will incur a massive economic burden. Hence it makes sense to prevent the occurrence of chronic kidney disease itself.

A simple inexpensive test such as urine examination for proteinuria along with serum creatinine estimation can detect kidney disease at a very early stage. Proper treatment at this stage can prevent the need for a very expensive renal replacement therapy at a later stage.

The patients who are at most risk of developing chronic kidney disease such as those suffering from diabetes, hypertension & kidney stones should get themselves examined at least once a year to rule out kidney involvement. Along with a proper screening, a good control of blood pressure and blood sugar can go a long way in preventing this deadly disease. This is the most cost effective way of tackling the menace of chronic kidney disease in India.

# Remembering The Lord

Oct. 1993
Sri Bhaini Sahibb

*✍ –Sri Satguru Jagjit Singh ji Discourses*

**Translated from recorded audio (punjabi) parvachan (speeches)**

With the conclusion of this mela, may Satguru Ji bless each and every one of you who participated in the Jap Paryog.

A special recognition to those individuals who numbered more than six hundred, meditated on naam (name of God) for 8 hours a day whilst staying in sodh maryada. It is commendable that within such a small community like ours, we were still able to get this many people participating in naam simran over the last month. There is a premise that says that the nobler an action is the more difficult it is to execute and in that light, it is indeed commendable that this many have participated.

If we extend this to our normal lives, we come across people who in an effort to simply attach a title to their name choose the easiest courses as opposed to the more difficult ones. However, in comparison, those who obtain a qualification in a more challenging course automatically gain others' respect. Satguru Ji has blessed us in today's day and age, despite the negative forces that make us forsake the path of naam simran and saadh sangat. He has offered us the opportunity to make the most of this time by participating in activities like Jap Paryog. When we are blessed with an opportunity where we can get involved with a worthy cause such as attending saadh sangat or practising naam simran, we should not forsake it and put it off for another time. Gurbani helps to guide us in this respect:

**ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ**

**Je Vela Vakhat Vichariye Ta Kith Vele Bhagat Hoe**

If we keep waiting for the right time to start remembering God,
then when we meditate?

Just as it takes time to tune up a musical instrument like the Dilruba or tabla, before we can play it, Satguru Ji through Gurbani explains that it takes time for the mind to attach itself to the Lord. It is said that every breath we take without remembering Him is frowned upon, so let us pray to Almighty Satguru Ji that:

**ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ**

**Kam Krodh Lobh Jhoot Ninda In Te Aap Schadavaho**

Sexual desire, anger, greed, falsehood and slander,
please save me from all these, O Lord.

These vices have no physical form nor are they bound to us with a rope, yet our minds are constantly engrossed in them, even when we are doing naam simran or in saadh sangat.

Therefore, as highlighted in Gurbani, let us pray to Satguru Ji so that He may liberate us from the bonds of these vices and instil honesty, patience, tolerance and dharma within our minds.

A fundamental platform of righteousness is compassion for others. If by practicing aspects of our religious duties we are not compassionate and tolerant towards others, then we have gained nothing. These valuable teachings are mentioned in the hukamnamas of Sri Satguru Ram Singh Ji that can be found within our gutkas. We should make a point of reading these, as by doing so, our minds will be driven towards Satguru Ji and His teachings. Bhai Nand Lal Ji explains in his writings:

ਖੁਸ਼ ਅਸਤ ਉਮਰ ਕਿਹ ਦਰ ਯਾਦ ਬਿਗੁਜ਼ਰੁਦ ਵਰਨਾ

**Khush Asth Umar Ki Dhar Yaad Bhighuzarad Varna**

Only that part of my life was useful which I spent in the thoughts (and remembering) of my beloved Satguru

Let us emulate this and try to make the most of our lives. We think we will have lots of time to do all the good things in future but Gurbani teaches us:

ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ

**Joh Deh Lade Ganveh Gae Vilar Vilar**

The days which were alloted to you are numbered
and they are passing, passing away.

Let us therefore spend our time here towards a useful cause. Only yesterday we were kids running around and did not realise how time was flying by. We assume that we have lots of time to do good but Gurbani tells us:

ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ

**Neh Barik Neh Jobnai Neh Birdh Kuchh Bandh**

There is nothing to stand in death's way-
neither in childhood, nor in youth, nor in old age

Keeping the above in mind, we should seek the blessings of Satguru Ji to help us make this finite life a success. Gurbani also guides us how to do this as below:

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ

**Jap Tap Ka Bandh Behrla Jith Langhe Vahela**

Build the raft of meditation and self-discipline,
to carry across the river.(phase of God)

**Updesh Assu mela Sri Bhaini Sahib**
**Oct. (1993)**



ਉਸਤਾਦ ਹਰਭਜਨ ਸਿੰਘ ਜੀ ਨੂੰ
ਸਤਿਗੁਰੂ ਜਗਜੀਤ ਸਿੰਘ 'ਸੰਗੀਤ ਰਤਨ'
ਸਨਮਾਨ ਬਖ਼ਸ਼ਿਸ਼।



ਜਥੇਦਾਰ ਗੁਰਬਚਨ ਸਿੰਘ ਜੀ ਨੂੰ
ਗਿਆਨ ਮਾਰਤੰਡ ਪੰ: ਗੋਪਾਲ ਸਿੰਘ ਯਾਦਗਾਰੀ
ਸਨਮਾਨ ਬਖ਼ਸ਼ਿਸ਼।




ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ
ਡਰਾਈਵਰ ਸੰਤ ਗੁਰਮੁਖ ਸਿੰਘ ਨੂੰ
'ਸੇਵਾ-ਰਤਨ' ਸਨਮਾਨ ਬਖ਼ਸ਼ਿਸ਼।



ਸ੍ਰੀ ਮਾਤਾ ਚੰਦ ਕੌਰ ਜੀ ਦੇ ਸੇਵਿਕਾ
ਬੀਬੀ ਗੁਰਮੀਤ ਕੌਰ ਨੂੰ
'ਸੇਵਾ-ਰਤਨ' ਸਨਮਾਨ ਬਖ਼ਸ਼ਿਸ਼।



ਸ੍ਰੀ ਸਰਬ ਸ਼ਕਤੀਮਾਨ ਜੀ ਨੂੰ-
ਸ਼ਹੀਦ ਲਹਿਣਾ ਸਿੰਘ ਯਾਦਗਾਰੀ ਸਨਮਾਨ ਬਖ਼ਸ਼ਿਸ਼:
ਵੱਲੋਂ ਠੇਕੇਦਾਰ ਸੁਲੱਖਣ ਸਿੰਘ ਪੰਨਵ 'ਦਿੱਲੀ'।



ਸੰਤ ਗੁਰੂਬਚਨ ਸਿੰਘ ਜੀ ਦੀ ਪੁਸਤਕ
'ਰੂਹਾਂ ਦੀਆਂ ਗੱਲਾਂ'- ਰਿਲੀਜ ਕਰਦੇ
ਹੋਏ ਸ੍ਰੀ ਸਤਿਗੁਰੂ ਜੀ।



ਅਤਿ ਉਚਾ ਤਾਕਾ ਦਰਬਾਰਾ॥ ਅੰਤਿ ਨਹੀਂ ਕਿਛੁ ਪਾਰਾਵਾਰ.......



ਇਤਿਹਾਸਕ ਚਿੱਤਰ ਪ੍ਰਦਰਸ਼ਨੀ




ਸਾਹਿਤਕ-ਸਟਾਲ



ਸੇਵਾਦਾਰ ਨੌਜੁਆਨ



ਜ਼ੀਰੇ ਇਲਾਕੇ ਦੀ ਸੰਗਤ





ਲਾਂਗਰੀ ਸੇਵਾਦਾਰ- ਸ੍ਰੀ ਸਤਿਗੁਰੂ ਜੀ ਦੇ ਸਨਮੁਖ



ਲੋਹਾਂ ਤੇ ਪ੍ਰਸ਼ਾਦੇ ਪਕਾਉਣ ਦੀ ਸੇਵਾ।



ਬਰਤਨ ਮਾਂਜਨ ਦੀ ਸੇਵਾ



ਸੂਬਾ ਸੁਰਿੰਦਰ ਕੌਰ ਖਰਲ ਦੀਆਂ ਪੁਸਤਕਾਂ
ਵਿਮੋਚਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ- ਅੰਮ੍ਰਿਤਸਰ
ਦੇ ਸ਼ਹੀਦ ਬੰਸਾਵਲੀ, ਸੰਤ ਕੇਹਰ ਸਿੰਘ ਬੰਸਾਵਲੀ



ਜਥੇਦਾਰ ਸੇਵਾ ਸਿੰਘ ਰਚਿਤ 'ਸਤਿਗੁਰ ਮਹਿਮਾ'
ਸ੍ਰੀ ਸਤਿਗੁਰੂ ਜੀ ਨੂੰ ਭੇਟ ਕਰਦੇ ਹੋਏ:
ਸੰਤ ਸਾਧਾ ਸਿੰਘ ਜੀ।



ਪ੍ਰਸਿਧ ਇਤਿਹਾਸ ਲੇਖਕ ਸ੍ਰ. ਗੁਰਦੇਵ ਸਿੰਘ ਜੀ ਸਿੱਧੂ
ਦੀ ਪੁਸਤਕ 'ਕੂਕਾ ਇਤਿਹਾਸ ਦੇ ਅਣਛੋਹੇ ਸੁਨਿਹਰੀ ਪੱਤਰ'
ਸ੍ਰੀ ਸਤਿਗੁਰੂ ਜੀ ਰਿਲੀਜ਼ ਕਰਦੇ ਹੋਏ।



ਸ੍ਰੀ ਦਸਮੇਸ਼ ਰਚਿਤ 'ਦਸਮ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ
ਸੈਂਚੀ ਸ੍ਰੀ ਸਤਿਗੁਰੂ ਜੀ ਨੂੰ ਅਰਪਨਾ ਕਰਦੇ ਹੋਏ
ਮਾਸਟਰ ਦਰਸ਼ਨ ਸਿੰਘ ਜੀ, ਸੁਖਵਿੰਦਰ ਸਿੰਘ ਲਾਇਲ।




'ਵਰਤਮਾਨ ਹਿੰਦੁਸਤਾਨ' ਸ੍ਰੀ ਸਤਿਗੁਰੂ ਜੀ ਨੂੰ ਭੇਟ
ਕਰਦੇ, ਸ੍ਰੀ ਸਰਬਸ਼ਕਤੀ ਮਾਨ ਜੀ।



'ਅੱਖੀਂ ਡਿੱਠਾ ਕਿੱਸਾ ਕੀਤਾ'-(ਜਥੇਦਾਰ ਗਰਮੁਖ ਸਿੰਘ
ਝੱਬਰ ਦੀ ਜ਼ੁਬਾਨੀ) ਸ੍ਰੀ ਸਤਿਗੁਰੂ ਜੀ ਨੂੰ ਭੇਟ ਕਰਦੇ
ਹਰਪਾਲ ਸਿੰਘ ਸੇਵਕ।




ਸੁਆਮੀ ਕਪਿਲ ਦੇਵ ਜੀ ਸਪੁੱਤਰ ਸੰਤ ਪ੍ਰੇਮ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਸਿਰੋਪਾਓ ਬਖਸ਼ਿਸ਼ ਕਰਦੇ ਹੋਏ।



ਬੀਬੀ ਜੈ ਕੌਰ ਸਪੁੱਤਰੀ ਜਗਦੀਸ਼ ਸਿੰਘ ਝਾਰਖੰਡ ਵਿੱਚ ਜ਼ਿਲ੍ਹਾ ਪੱਧਰੀ ਕਵਿਜ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ -ਸ੍ਰੀ ਸਤਿਗੁਰੂ ਜੀ ਤੋਂ ਬਖਸ਼ਿਸ਼ ਪ੍ਰਾਪਤ ਕਰ ਰਹੀ ਹੈ।



ਚੌਧਰੀ ਮਨਜੀਤ ਸਿੰਘ Ex M.P. ਹਰਿਆਣਾ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ।



ਥਾਪੇ ਗਏ ਨਵੇਂ ਸੂਬੇ: ਅੱਸੂ ਦੇ ਮੇਲੇ ਦੇ ਭਗਿ ਸਮੇਂ ਸ੍ਰੀ ਸਤਿਗੁਰੂ ਜੀ ਵੱਲੋਂ ਸੂਬਾ ਸਮਿੰਦਰ ਸਿੰਘ ਸੈਦੋਕੇ, ਸੂਬਾ ਭੁਪਿੰਦਰ ਸਿੰਘ ਰੋਪੜ।



ਸ੍ਰੀ ਸਤਿਗੁਰੂ ਜੀ, ਸ੍ਰੀ ਕਿਸ਼ਨ ਕੜਵਾ (MLA ਸੰਘਰੀਆ ਰਾਜਸਥਾਨ) ਨੂੰ ਅਸ਼ੀਰਵਾਦ ਬਖਸ਼ਿਸ਼ ਕਰਦੇ ਹੋਏ



ਸੁਆਮੀ ਸਹਿਜ ਪ੍ਰਕਾਸ਼ (ਬਰਨਾਲੇ ਤੋਂ ਕਬੀਰ ਪੰਥੀ) ਸ੍ਰੀ ਸਤਿਗੁਰੂ ਜੀ ਤੋਂ ਸਿਰਪਿਾਓ ਪ੍ਰਾਪਤ ਕਰਦੇ ਹੋਏ।



ਜਥੇਦਾਰ ਨਿਸ਼ਾਨ ਸਿੰਘ ਦਿੱਲੀ: ਹੱਲੇ ਦਾ ਦੀਵਾਨ



ਜਥੇਦਾਰ ਕਮਾਲ ਸਿੰਘ ਜੀ: ਹੱਲੇ ਦਾ ਦੀਵਾਨ



ਸੂਬਾ ਬਲਵਿੰਦਰ ਸਿੰਘ ਜੀ ਚੱਕ ਜਕੂਬ: ਹੱਲੇ ਦਾ ਦੀਵਾਨ



ਜਥੇਦਾਰ ਸਾਧਾ ਸਿੰਘ ਜੀ: ਹੱਲੇ ਦਾ ਦੀਵਾਨ



ਕਾਕਾ ਬਲਜੀਤ ਸਿੰਘ ਦੁਆਰਾ: ਹੱਲੇ ਦਾ ਦੀਵਾਨ



ਸ੍ਰੀ ਭੈਣੀ ਸਾਹਿਬ ਦੀਆਂ ਬੱਚੀਆਂ ਦੁਆਰਾ ਕੀਰਤਨ



ਸ੍ਰੀ ਸਤਿਗੁਰੂ ਜੀ ਨੂੰ ਨਤਮਸਤਕ– ਸ.ਇੰਦਰਜੀਤ ਸਿੰਘ ਜੀ'ਭੱਟੀ' ਅੱਸੂ ਦੇ ਮੇਲੇ ਦੇ ਆਖਰੀ ਪੰਜ ਦਿਨਾਂ ਦੀ ਸੇਵਾ ਪ੍ਰਵਾਰ ਸਹਿਤ ਕੀਤੀ।



ਸ੍ਰੀ ਸਤਿਗੁਰੂ ਜੀ ਦੇ ਨਾਲ ਸ. ਇੰਦਰਜੀਤ ਸਿੰਘ ਭੱਟੀ ਜੀ ਪ੍ਰਵਾਰ ਸਹਿਤ।



ਕਵੀਸ਼ਰੀ ਜਥਾ: ਜਥੇਦਾਰ ਜੋਗਾ ਸਿੰਘ ਅਤੇ ਸਾਥੀ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚੇ ਦੀਵਾਨ ਲਗਾਉਂਦੇ।



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚੇ- ਕਵੀਸ਼ਰੀ ਜਥਾ।



ਹੱਲੇ ਦਾ ਦੀਵਾਨ: ਜਥੇਦਾਰ ਹਰਪਾਲ ਸਿੰਘ।



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚੇ- ਕਵੀਸ਼ਰੀ ਜਥਾ।



17.10.2018 ਮੇਲੇ ਦੇ ਭੋਗ ਸਮੇਂ ਅਨੰਦ ਕਾਰਜਾਂ ਤੋਂ ਪਹਿਲੋਂ।



ਨਮੋ ਜੋਗ ਹੋਗੇ...ਸਵਾਮੀ ਸੁਰਿੰਦਰ ਜੀ ਦੀ ਅਗੁਆਈ 'ਚ ਪ੍ਰਤਾਪ ਮੰਦਰ 'ਚ ਯੋਗ ਦੀ ਕਲਾਸ।



ਸ.ਸੁਵਰਨ ਸਿੰਘ ਵਿਰਕ।



ਸੰਤ ਨਿਸ਼ਾਨ ਸਿੰਘ ਕਥਾਕਾਰ।



ਸ.ਸੰਤੋਖ ਸਿੰਘ ਝੀਤਾ ਆਰਚੀਟੈਕਟ ਨੂੰ ਸਨਮਾਨ ਬਖਸ਼ਿਸ਼।



ਸ੍ਰੀ ਸਤਿਗੁਰੂ ਜੀ ਪ੍ਰੋ:ਬਾਬਾ ਨਿਰਮਲ ਸਿੰਘ ਨੂੰ ਸਨਮਾਨ ਬਖਸ਼ਿਸ਼।



ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ....



ਪ੍ਰੋ:ਕੇਵਲ ਕ੍ਰਿਸ਼ਨ ਕਲੋਟੀ ਜੀ ਅਰਜ਼ ਬੇਨਤੀ ਕਰਦੇ ਹੋਏ।



ਖਬਿਓਂ- ਸੇਵਕ ਹਰਪਾਲ ਸਿੰਘ, ਸੁਵਰਨ ਸਿੰਘ ਵਿਰਕ, ਸਾਧੂ ਸਿੰਘ ਧਰਮਸੋਤ,
ਪ੍ਰੋ. (ਡਾ.)ਜਗਮੋਹਨ ਸਿੰਘ, ਸ੍ਰ.ਮੁਖਤਿਆਰ ਸਿੰਘ ਜ਼ਫਰ, ਸ੍ਰੀ ਅਸ਼ੋਕ ਤੰਵਰ।

# A SAGA OF
# SRI SATGURU JAGJIT SINGH JI

✍ –Dr. Sharada Jayagovind

## Birth and Childhood:

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

**Ja karta sirthi kao saje ape janai soi**

The Creator who created this Universe - only He knows Himself.

ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥

**Kiv kar akha kiv salahi kio varni kiv jana.**

How can we speak of Him? How can we praise Him?
How can we describe Him? How can we know Him?

The peacocks of Sri Bhaini Sahib pine for Patsha ji, musicians pluck at the strings of the dilruba hoping that the Satguru, who is enshrined in their hearts, will listen to their notes. Today, Sri Bhaini Sahib is the Brindavan bereft of its charming Gopala, Sri Satguru Jagjit Singh ji, who touched and transformed the lives of millions.

An ocean of love, compassion and peace, Satguru Jagjit Singh ji was a true conqueror in more than one sense. He was a spiritual Master, who conquered the limitations of the body and mind to commune with the Omnipotent; a Master whose heart responded to the call of a tiny bird and the voice of a mighty ruler; a Master who walked the way He showed; a Master who could bring rain to parched land; one who could bring solace to the sick and dying with his healing touch and soothing words. Where can we find another Master like Him?

On 8th Maghar 1977 Bikrmi Kattak. Sudi Ikadshi, Monday, 224 November, 1920, in the early hours of the dawn, at four o'clock, Mata Bhupinder Kaur, wife of Satguru Partap Singh ji, gave birth to a baby boy at Sri Bhaini Sahib, near Ludhiana in Punjab. The child was the first-born of Satguru Partap Singh ji, the
illustrious Namdhari Sikh Guru, who was the architect of the Na m d hari Renaissance. The infant was born in a small room within the red-bricked walls of Sri Bhaini Sahib, which then was under the tyrannical surveillance of the British.

There was great celebration at this happy event. Mata Ram Kaur ji, known as Amboji, the maternal grandmother of the child first uttered the holy naam in the ears of the grandson and named him Jagjit Singh, which means conqueror of the world. One hundred maunds of jaggery was distributed to mark the joyous occasion. Mata Jivan Kaur ji, the paternal grandmother,

started a day and night langar and fed thousands of people to celebrate the birth of the precious one. The child was fondly called Beant ji by the near and dear ones.

Beant ji was very fair complexioned and the large, dreamy eyes of the child enchanted the beholder.The infant was so beautiful that the disciples who came to see the new born baby were moved by the streak of divinity in him. In fact, Sardarni Leelawanti ji, a devotee, said that she had seen a picture of Infant Jesus and Mother Mary and thought that it was unbelievable that someone could be so beautiful. But when she beheld Beant ji and Mata Bhupinder Kaur ji, she was amazed. She exclaimed:

"I have never seen such an attractive and beautiful mother and son ever."

Beant ji's mother, Mata Bhupinder Kaur, hailed from a prosperous and illustrious family, which had migrated during her grandfather Sardar Hameer Singh's time, from Karanpura near Nohar Hanumangarh in Bikaner state to Punjab. Mata Bhupinder Kaur, who was called Veero ji, was the youngest daughter of Sardar Sunder Singh ji, son of Sardar Hameer Singh ji. Veero ji was a blessed soul, who was to bring to the world a jewel-like Beantji, the future Namdhari Satguru.

When Veero ji was born, a saint visited her home. He asked the parents to treat the child with love and respect and predicted that she would marry into a royal family. The prediction came true when Veero ji married Satguru Partap Singh ji in 1914 and was given the new name Bhupinder Kaur.

Beant ji's mother was well-versed in the Gurbani and discharged her duties as wife and moyher with devotion and care. It is said that one day in dera Sirhind Canal, during the month of Jap Parjog, there was shortage of food in the langar, the community kitchen. Mohan Singh ji of Wadala, the person in charge of the langar, reported the matter to Mata Bhupinder kaur. She readily removed the golden ring from her finger, which was the only ornament she possessed. It was ver dear to her as she had received it as a gift from her husband, Satguru Partap Singh ji. Without thinking twice, she handed over this precious crnament to Mohan Singh ji and said:

"This is the only piece of jewellery I have with me. Sell it and buy the provisions, let the langar continue."

Destiny played a cruel game with this pious woman. Sonn after the birth of her second son, Bir Singh ji, known as Vallabh ji, in October 1923, she was seized of an ailment, which wrecked her health. She fell viticm to tuberculosis, which was a fatal disease in those days.

Mata Bhupinder Kaur could not spend much time with her children who grew up in the care of their grandmothers, Mata Jivan Kaur ji and Amboji. Noble men such as Mahant Kesar Singh Majahad and Gurmukh Singh Jhabbar ji took special care of Beant ji when he was child.

Mata Bhupinder Kaur merged with the light in September1924 at the age of twenty-six. The tragic event left a void in the lives of Satguru Partap Singh ji and his very young sons.

**to be continue.......**

# Bed of Sand

( Ajmer Singh)

**This year marks the 200th incarnation ceremony of Satguru Hari Singh Ji. Satguru Hari Singh Ji is fondly remembered for the fact that he kept the Namdhari *panth* together and alive, in the times of intense difficulties and carried forward the path shown by Satguru Ram Singh Ji. This is the first of a series of English translations from the Satguru Bilas *granth*, which will apprise the readers of those tough times.**

The circumstances of Sikhs at Sri Bhaini Sahib (also referred to as Ramdas Pura) after the exile of Satguru Ram Singh Ji and placement of police guard with restrictions on the number of Sikhs that could visit Sri Bhaini Sahib are described in Satguru Bilas (Volume 2) by Sant Santokh Singh Bahowal. The English translation of passages from the original Gurmukhi text has been provided. Hence, at some places, meaning in English may differ slightly from the original text, however, care has been taken to ensure that underlying emotions are depicted to the best possible extent. The translator's interpretation or afterthought is given in parenthesis in italics. Baba Budh Singh Ji, younger brother of Satguru Ram Singh Ji was bestowed the authority of Namdharis by Satguru Ji himself. First, the keys of Sri Bhaini Sahib were given to Baba Budh Singh Ji by Satguru Ram Singh Ji, who asserted that no one else than him was capable of the arduous task of taking the *panth* forward in the times of imperialism and autocracy. Second, in a letter addressed to Sant Gopal Singh of Sri Bhaini Sahib (available in National Archives documents), Satguru Ram Singh Ji directed Baba Budh Singh Ji to live henceforth in the room where Satguru Ram Singh Ji used to stay before exile, and directed Sant Gopal Singh, keeper of the ration stores at Sri Bhaini Sahib to work together with Baba Budh Singh Ji. Further, when Sant Darbara Singh went to Rangoon three years later, Satguru Ram Singh Ji handed his written sermon (*Hukamnama*), changing the name of Baba Budh Singh Ji to Satguru Hari Singh Ji and conferred greater privilege to the authority of Satguru Hari Singh Ji than that exercised by Satguru Ram Singh Ji himself, in that Satguru Hari Singh Ji has the full command to forgive any person denounced by Satguru Ram Singh Ji but he will not acquit any person condemned by Satguru Hari Singh Ji. In the various letters exchanged with Russian authorities, some of which are available in National Archives, Satguru Ram Singh Ji reiterated the authority of Satguru Hari Singh Ji over the matters of Namdhari Sikhs. In the original text of Satguru bilas Granth, Satguru Hari Singh Ji has been named as ''Baba Ji'' for the times before the arrival of *Hukamnama* by Sant Darbara Singh. Satguru Jagjit Singh Ji has graced the Satguru Bilas *granth* and sub-headings have been given to the text. In the English translations presented here, uniformly 'Satguru Hari Singh Ji' has been used at all places. More than one sub-headings have been combined. A unique feature of Satguru Bilas writing style is the perception that a particular event is happening in front of one's sight upon reading of the text. Attempt has

been made to preserve both the meaning as well as the writing uniqueness of the text in the given English translation. Hence, at certain places, present tense has been used, as is also written in the original Gurmukhi text.

## Bed of Sand

(*The spending of chilling nights on the mattress of sand to meet Satguru Hari Singh Ji is representative of the physical struggle that Namdhari Sikhs had to go through and which, they did undertake, at a time when they were already under an extreme emotional distress due to disunion with Satguru Ram Singh Ji*).

The police had imposed many restrictions (on entry) at Ramdas Pura. They did not allow any (Namdhari) Singh to come nearby. After having endured the different sentiments of night, by having a glimpse of Satguru Hari Singh Ji (in the subsequent morning), Singhs used to feel joyous again (*In Indian culture, night is associated with various emotions. In one case, it depicts the painful longing of a devotee for God, and in another case, it represents the delightful anxiety and joy of meeting the God at the end of it. In the then circumstances, a mix of both the emotions would have been felt by the Sikhs waiting to have a rare glimpse of Satguru Hari Singh Ji at a time, whose endurance required the best of character and faith*). Satguru Hari Singh Ji used to listen to the condition of Singhs. Whatever Satguru Hari Singh Ji directed, the Singhs used to oblige accordingly. (They) firmly held the faith that both the brothers (Satguru Ram Singh Ji and Satguru Hari Singh Ji) are one and the same. Satguru Hari Singh Ji comforted the Sikhs by fulfilling their desires and resolving their doubts. (Satguru Hari Singh Ji) used to give *parshada* (round flatbread made of wholemeal flour, little bigger in size than the typical *roti* or *chapati* common in Indian subcontinent) by outwitting the police guard in the night.

In the weather of coldness, Singhs used to stay in nearby villages and leave in the shade of night. (Police guard) did not allow Singhs to even stand near the main entrance, Akal Boonga and Ramsar (sarovar). If *Lambardar* (state-appointed village head) or policeman saw any Singh, then they used to push him out of the boundary of Sri Bhaini Sahib. They threatened that if again they witnessed the Singh inside the boundary of Bhaini, he will be handcuffed and sent to Ludhiana district (jail). If a Singh got the information that policeman is coming, he used to change his track. If any other person came, he was allowed to take *langar* (free community food), but if a Namdhari Singh came, policeman and Hawaldar (sergeant) did not allow him to even have *prashada*. If anyone taking *prashada* was caught, he used to be sent to police station by making the pretext that since *prashada* was being distributed, that's why they (Singhs) accumulate here. Police guard concluded that if *prashada* is denied to whoever Namdhari Singh comes, then they may not assemble. If Namdhari Singh comes, they (police guard) start abusing the empty-stomach Sikh (who came after travelling a long distance), but do not allow him to enter (the *langar*). Wherever he sat, the guard kept an eye.

If one or two Singhs were present (who came from outside), other Singhs used to hide *parshadas* in *garhwa* (metallic vessel with round-bottom base little bigger than the top opening on which a semicircle shaped handle is attached, commonly used to carry water or liquids) and serve to the hungry Singhs.

Satguru Hari Singh Ji also went to the same direction (where Singhs were waiting) to give them *darshan* (his auspicious sight, for which the Sikhs had faced all the difficulties and bore the misconduct of police guard). Sitting with the Sikhs, whatever talk was possible (in the times of strict surveillance on all activities of Satguru Ji and Namdharis), the same used to be done. (*In spite of all stringent vigilance, Satguru Hari Singh Ji continued the efforts for Indian freedom on a large scale and established contacts with regional powers).* Any doubts of the Singhs used to be resolved. Singhs used to feel elated, give offerings and then leave. (This time of) dark rainstorm was faced with utmost determination by the Singhs. (After visiting Satguru Hari Singh Ji), Singhs used to tell others (Sikhs in their home places, far from Sri Bhaini Sahib) about Satguru Ji and his similarity to Satguru Ram Singh Ji. (They used to say that Satguru Ji) has taken incarnation (pious birth) in the age of Kaljug. (Singhs used to talk that) both the brothers are one and the same, keys of the true treasury (*composed of Sangat's honest offerings*) have been given (by Satguru Ram Singh Ji) to Satguru Hari Singh Ji. (Satguru Hari Singh Ji) clears the doubts of heart and gives peace of mind. (Hearing the magnanimity of Satguru Hari Singh Ji) others Singhs have also started coming for his *darshan*. They used to stay outside and leave after having a glimpse of Satguru Hari Singh Ji outside only (*as the Namdhari Sikhs were not allowed to enter the residential premises easily*). If any Singh came in front of the main entrance, the police guard used to stare angrily and question as to why he entered inside the village boundary. (They) did not allow even standing there, immediately oust the Singh from the village with a warning not to come again and of arrest if sighted again. They (police guard) exclaimed, ''Why you do not stop coming here?''.

Policemen used to assault and push the Singhs, hurl abuses and denied them *parshada*. On the occurrence of such adversities, Satguru Hari Singh Ji used to come and rescue the situation. Taking the *parshada* inside an outside cloth wrapped around him, Satguru Ji used to feed the hungry Sikhs. During the night, Singhs used to rest on sand, at a place where water was available (to start the next day routine typical of Namdhari Sikhs). If there happened to be one Singh (for *darshan* of Satguru Ji), he used to spend the night near Akaal Boonga or Ramsar, in case of rain, he used to stay at Kataani. In the darkness of night, Singhs used to leave. Satguru Ji used to ask Sikhs to give their *darshan* as well, and express the hope that Satguru Ram Singh Ji also return soon. (Satguru Ji asked) to do *bhajan* (meditation), recite *Gurbani* for their well-being and asked the Sikhs to convey his greetings to other Sikhs wherever they go.

**ਬਾਕੀ ਸਫ਼ਾ 15 ਦੀ.......** **(ਗੁੰਮਨਾਮੀ ਗਦਰੀ..)**

ਬਰਤਾਨਵੀ ਹਿੰਦੁਸਤਾਨ ਦੀ ਸਰਕਾਰ ਨੇ ਆਪਣੇ ਵਫ਼ਾਦਾਰ ਸੂਹੀਏ ਹਰਨਾਮ ਸਿੰਘ ਦੀ ਪਰਿਵਾਰਿਕ ਪੈਨਸ਼ਨ ਦਾ ਮਾਮਲਾ ਵਿਸ਼ੇਸ਼ ਮੰਨ ਕੇ ਨਿਪਟਾਇਆ। ਹਿੰਦੁਸਤਾਨ ਸਰਕਾਰ ਨੇ ਉਸ ਦੀਆਂ ਦੋਵਾਂ ਮੁਟਿਆਰ ਵਿਧਵਾਵਾਂ, ਲਛਮਣ ਕੌਰ ਅਤੇ ਮਲਕਾ ਜੋ ਉਮਰ ਦੇ 25ਵੇਂ ਵਰ੍ਹੇ ਵਿੱਚ ਸਨ, ਨੂੰ 30-30 ਰੁਪਏ ਮਹੀਨਾ ਪੈਨਸ਼ਨ ਮਨਜ਼ੂਰ ਕੀਤੀ। ਇਸ ਤੋਂ ਬਿਨਾਂ ਉਸ ਦੀ 50 ਸਾਲਾ ਮਾਂ ਪਾਰਵਤੀ ਨੂੰ 20 ਰੁਪਏ ਪ੍ਰਤਿ ਮਹੀਨਾ ਪੈਨਸ਼ਨ ਲਾਈ ਗਈ। ਹੋਰ ਤਾਂ ਹੋਰ, ਹਰਨਾਮ ਸਿੰਘ ਦਾ ਇਕ 9 ਸਾਲ ਦਾ ਭਾਣਜਾ ਨਾਨਕੇ ਘਰ ਰਹਿ ਰਿਹਾ ਸੀ, ਉਸ ਨੂੰ ਵੀ 24 ਸਾਲ ਉਮਰ ਹੋਣ ਤੱਕ 20 ਰੁਪਏ ਪ੍ਰਤਿ ਮਹੀਨਾ ਪੈਨਸ਼ਨ ਮਨਜ਼ੂਰ ਕੀਤੀ।

ਅਜਿਹੀ ਤੁਲਨਾ ਉਪਰੰਤ ਕੀ ਆਜ਼ਾਦੀ ਦਾ ਫਲ ਹੜੱਪਣ ਵਾਲੇ ਭੱਦਰ ਪੁਰਸ਼ ਦੇਸ਼ਵਾਸੀਆਂ ਦੇ ਮਨ ਵਿਚ ਕੋਈ ਦੋਸ਼-ਭਾਵਨਾ ਨਹੀਂ ਪੈਦਾ ਹੁੰਦੀ?

**ਸੰਪਰਕ: 9417 04 9417**

# ਕਾਵਿ-ਕਿਆਰੀ

## ਪ੍ਰੀਤਮ ਦੀ ਭਾਲ

-ਨੰਦ ਲਾਲ ਨੂਰਪੁਰੀ

ਪੱਥਰਾਂ ਵਿਚ ਬੋਲਦਾ ਸੁਣਿਆ ਏ ਮਾਹੀ ਕਿਸੇ ਨੇ।
ਰੰਗਪੁਰ ਦੀ ਧੂੜ 'ਚੋ ਲੱਭਿਆ ਏ ਰਾਹੀ ਕਿਸੇ ਨੇ।
ਜੰਗਲਾਂ ਵਿਚ ਕਲਗੀਆਂ ਵਾਲਾ ਸਿਪਾਹੀ ਕਿਸੇ ਨੇ।
ਅੱਗ ਦੀਆਂ ਲਾਟਾਂ ਦੇ ਵਿਚ ਡਿੱਠਾ ਇਲਾਹੀ ਕਿਸੇ ਨੇ।

ਪੰਛੀਆਂ ਵਿਚ ਗਾਂਵਦਾ, ਕੁਦਰਤ ਚ ਸੁਣਿਆ ਹੱਸਦਾ।
ਮਜਨੂੰਆਂ ਦੇ ਭੇਸ ਵਿਚ ਲੈਲਾਂ ਦੇ ਪਿੱਛੇ ਨੱਸਦਾ।
ਗੋਪੀਆਂ ਵਿਚ ਕਾਨ੍ਹ ਬਣ ਬਣ ਕੇ ਦਿਲਾਂ ਨੂੰ ਖੱਸਦਾ।
ਦਿਲ ਮੇਰੇ ਦਾ ਚੋਰ ਪਰ ਮੈਨੂੰ ਪਤਾ ਨਹੀਂ ਦੱਸਦਾ।

ਅੱਖੀਆਂ ਦੇ ਭੌਰਿਆਂ ਹੱਸਦੇ ਫੁੱਲਾਂ 'ਚ ਟੋਲਿਆ।
ਜ਼ਹਿਰ ਦੇ ਦਿੱਤੀ ਕਿਸੇ, ਧੀ ਲਈ ਤੇ ਮਨ ਨਾ ਡੋਲਿਆ।
ਮੰਦਰੀਂ ਕਹਿੰਦੀ ਫਿਰੀ 'ਬੋਲੀਂ ਵੇ ਮੇਰਿਆ ਭੋਲਿਆ।
ਖ਼ਬਰੇ ਮੈਂ ਬੋਲੀ ਹਾਂ, ਖ਼ਬਰੇ ਉਹ ਨਹੀਂ ਗੂੰਗਾ ਬੋਲਿਆ।

ਮੈਨੂੰ ਵੀ ਜੇ ਧੂੜ ਮਿਲ ਜਾਵੇ ਹਰੀ ਦੇ ਨਾਮ ਦੀ।
ਬੰਸਰੀ ਦੀ ਵਾਜ ਕੰਨੀਂ ਪੈ ਜਾਏ ਜੇ ਸ਼ਾਮ ਦੀ।
ਭੀਲਣੀ ਬਣ ਕੇ ਉਹਦੇ ਚਰਨਾਂ 'ਚ ਡੇਰਾ ਲਾ ਦਿਆਂ।
ਦਿਲ ਦੀ ਦੁਨੀਆ 'ਚ ਵਸਾ ਲਾਂ ਮੂਰਤੀ ਉਸ ਰਾਮ ਦੀ।

ਸੁਣਿਆ ਏ ਉਸ ਚੰਦ ਦਾ ਕਿ ਹਰ ਜ਼ੱਰੇ ਵਿਚ ਨੂਰ ਏ।
ਨੇੜੇ ਹੈ ਉਹ ਸ਼ਾਹ ਰਗੋਂ, ਕੋਹਿਤੂਰ ਤੋਂ ਵੀ ਦੂਰ ਏ।
ਕਤਰੇ ਕਤਰੇ 'ਚ ਉਹਦੇ ਅੰਮ੍ਰਿਤਸਰ ਦਾ ਰਸ ਭਰਪੂਰ ਏ
ਉਹ ਮੁਹੰਮਦ ਸਾਹਿਬ ਏ, ਨਾਨਕ ਦਾ ਉਹੀਓ ਨੂਰ ਏ।

ਵੇਖ ਬੱਦਲੀ ਸਾਵਣ ਦੀ, ਸਾਵਣ ਦੇ ਬਿਨ ਵੱਸਦੀ ਰਹੀ
ਮੇਰੇ ਹੰਝੂ ਵੇਖ ਕੇ ਬਿਜਲੀ ਕੋਈ ਹੱਸਦੀ ਰਹੀ ।
ਤੁਰ ਪਈ ਓਧਰ ਜਿਧਰ ਵੀ ਆਸ ਕੁਝ ਦੱਸਦੀ ਰਹੀ
ਉਹ ਗਿਆ ਫੜਿਆ ਨਾ ਮੈਥੋਂ, ਮੈਂ ਮਗਰ ਨੱਸਦੀ ਰਹੀ।

ਵੇ ਦੱਸ ਦਿਓ ਵੇ ਪ੍ਰੇਮੀਓ, ਕੋਈ ਉਸ ਹਰਥਾਵੇਂ ਦਾ ਨਾਂ।
ਵੇ ਦੱਸ ਦਿਓ ਵੇ ਪ੍ਰੇਮੀਓ, ਕੋਈ ਓਸ ਹਰਨਾਵੇਂ ਦਾ ਨਾਂ।
ਜਿਹੜੀ ਥਾਂ ਤੇ ਬੈਠ ਕੇ ਮੱਝੀਆਂ ਚਰਾਉਂਦਾ ਉਹ ਰਿਹਾ।
ਜਿਹੜੇ ਦਿਲ ਦੀ ਨੁੱਕਰੇ ਛੰਨਾਂ ਬਣਾਉਂਦਾ ਉਹ ਰਿਹਾ।
ਜਿਹੜੀ ਥਾਂ ਤੇ ਮਾਰ ਕੇ ਠੋਕਰ ਉਹ ਆਪਣੇ ਪੈਰ ਦੀ
ਸੁੱਤੀਆਂ ਕਬਰਾਂ ਦੇ ਮੁਰਦੇ ਸੀ ਜਗਾਉਂਦਾ ਉਹ ਰਿਹਾ।

ਆਰਤੀ ਉਹਦੀ 'ਚ ਤੜਕੇ ਗੀਤ ਗਾਉਂਦੀ ਮੈਂ ਫਿਰੀ।
ਨੇੜੇ ਨਾ ਬੈਠਾ ਰਵੇ ਜੋਤਾਂ ਜਗਾਉਂਦੀ ਮੈਂ ਫਿਰੀ।
ਜਾਗ ਪਏ ਸੁੱਤਾ ਕਿਤੇ ਚਿਮਟੇ ਵਜਾਉਂਦੀ ਮੈਂ ਫਿਰੀ।
ਆਪ ਰੱਖੇ ਵਰਤ ਉਹਨੂੰ ਭੋਗ ਲਾਉਂਦੀ ਮੈਂ ਫਿਰੀ।
ਮੂਰਤੀ ਉਹਦੀ ਪੰਘੂੜੇ ਚ ਝੁਟਾਉਂਦੀ ਮੈਂ ਫਿਰੀ।
ਏਸ ਮਨ ਨੂੰ ਓਸ ਲਈ ਦਰ ਦਰ ਨਚਾਉਂਦੀ ਮੈਂ ਫਿਰੀ।


ਸਭ ਬਣਾਏ ਵੇ ਮੈਂ ਜਿਵੇਂ ਸੀ ਸੱਈਆਂ ਕਹਿੰਦੀਆਂ।
ਰੰਗਲੇ ਚੂੜੇ, ਪੰਘੂੜੇ, ਲਾਲ ਲਾਈਆਂ ਮਹਿੰਦੀਆਂ।
ਸੋਚਿਆ ਕਿ ਅੰਨ੍ਹੀਆਂ ਅੱਖੀਆਂ ਨੂੰ ਚਾਨਣ ਮਿਲੇਗਾ
ਜਿਸ ਲਈ ਵਾਂਗਰ ਚਕੋਰੀ ਤੜਫਦੀ ਮਾਂ ਰਹਿੰਦੀਆਂ।

ਚੰਦ ਦਾ ਜੋਬਨ ਮੇਰੇ ਮੱਥੇ ਦੇ ਵਿਚ ਭਰਿਆ ਗਿਆ।
ਆਰਸੀ ਦੇ ਸ਼ੀਸ਼ੇ ਵਿਚ ਸੂਰਜ ਨਵਾਂ ਧਰਿਆ ਗਿਆ।
ਦਿਲ ਦੇ ਅੰਦਰ ਚਾਅ ਸੀ ਕਿ ਆ ਗਈ ਉਸ ਦੇਸ਼ ਮੈਂ।
ਜਿਸ ਸੱਜਣ ਦੇ ਫਾਹਣ ਲਈ ਫਾਹੀਆਂ ਬਣਾਏ ਕੇਸ ਮੈਂ।

ਚੁੱਕਿਆ ਘੁੰਗਟ ਤੇ ਦਿਲ ਕਹਿੰਦਾ "ਇਹ ਝੂਠਾ ਸ਼ੋਰ ਹੈ।
ਉਹ ਸੱਜਣ ਕੋਈ ਹੋਰ ਹੈ ਤੇ ਇਹ ਸੱਜਣ ਕੋਈ ਹੋਰ।
ਹਾ।

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਿਆਮ ਦੀ ਸੰਗਤ

-ਸੰਤ ਇਕਬਾਲ ਸਿੰਘ ਮਨਚੰਦਾ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

**19ਵਾਂ ਦੌਰਾ** (11 ਤੋਂ 17 ਅਕਤੂਬਰ 1956) ਗਰੀਬ-ਨਿਵਾਜ ਜੀ ਦੇ ਇਸ ਦੌਰੇ ਸਮੇਂ ਦਰਸ਼ਨ ਦੇਣ ਤੋਂ ਪਹਿਲਾਂ ਸਾਧਸੰਗਤ ਨੇ ਰੋਜ਼ਾਨਾ ਅੰਮ੍ਰਿਤ ਵੇਲੇ ਨਿੱਤਨੇਮ (ਜਪ-ਪ੍ਰਯੋਗ) 30-8-1956 ਨੂੰ 5 ਤੋਂ 6 ਵਜੇ ਤੱਕ ਆਰੰਭ ਕੀਤਾ ਤੇ ਇਹ ਨਾਮ-ਸਿਮਰਨ ਜਪ-ਪ੍ਰਯੋਗ ਲਗਾਤਾਰ ਉਨਾ ਚਿਰ ਚੱਲਦਾ ਰਿਹਾ, ਜਿੰਨਾ ਚਿਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਬੰਕੋਕ ਵਿਚ ਨਹੀਂ ਹੋਏ ਤੇ ਦਰਸ਼ਨ ਹੋਣ 'ਤੇ ਦੂਸਰੇ ਦਿਨ ਸਵੇਰੇ ਅੰਮ੍ਰਿਤ ਵੇਲੇ 12-10-1956 ਨੂੰ ਸ੍ਰੀ ਹਜ਼ੂਰ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਧਰਮਸ਼ਾਲਾ ਵਿਖੇ ਇਸ ਪ੍ਰਯੋਗ ਦਾ ਭੋਗ ਪਿਆ ਤੇ ਇਸ ਸਮੇਂ 21 ਸਧਾਰਨ ਪਾਠਾਂ ਦੇ ਭੋਗ ਵੀ ਪਾਏ ਗਏ (ਨੋਟ :- ਇਸ ਦਿਨ ਗਰੀਬ-ਨਿਵਾਜ਼, ਠੰਢੀ ਮੂਰਤ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਪ੍ਰਕਾਸ਼ ਉਤਸਵ ਸੀ) ਤੇ ਇਸ ਦਿਨ ਸ਼ਾਮ ਦੇ ਦੀਵਾਨ ਸਮੇਂ ਅੱਜ ਦੇ ਇਸ ਪਵਿੱਤਰ ਦਿਹਾੜੇ 'ਤੇ ਸਾਧ-ਸੰਗਤ ਪ੍ਰਤੀ ਸ਼ੁਭ ਉਪਦੇਸ਼ ਦੇ ਕੇ ਨਿਵਾਜਿਆ ਅਤੇ ਇਹ ਉਪਦੇਸ਼ ਉਸ ਸਮੇਂ ਰਿਕਾਰਡ ਕੀਤੇ ਗਏ। ਸਾਧ-ਸੰਗਤ ਵਿੱਚ ਦੋ ਵੇਲੇ ਦਾ ਕੀਰਤਨ ਅਤੇ ਨਿੱਤਨੇਮ ਵੇਲੇ ਸਾਧ-ਸੰਗਤ ਸਤਿਗੁਰੂ ਜੀ ਦੇ ਚਰਨ ਪਰਸਦੀ ਤੇ ਕਈ ਸਰੀਰ ਡੇਰੇ ਵਿਖੇ ਜਾ ਕੇ ਵੀ ਦਰਸ਼ਨ ਕਰਦੇ ਅਤੇ ਆਪਣਾ ਜਨਮ ਸਫ਼ਲਾ ਕਰਦੇ। ਗਰੀਬ-ਨਿਵਾਜ ਜੀ ਇਸ ਦੌਰੇ ਸਮੇਂ ਥੋੜ੍ਹੇ ਦਿਨ ਦਰਸ਼ਨ ਦਿੱਤੇ ਤੇ ਵਾਪਿਸ ਦੇਸ਼ 17 ਅਕਤੂਬਰ 1956 ਨੂੰ ਗਏ ਸਨ।

**20ਵਾਂ ਦੌਰਾ** (27 ਜਨਵਰੀ ਤੋਂ 9 ਫ਼ਰਵਰੀ 1957) ਇਸ ਦੌਰੇ ਤੋਂ ਬਾਅਦ 1957 ਦੀ ਬਸੰਤ ਦੇ ਮੇਲੇ ਲਈ ਨਾਮਧਾਰੀ ਜਥੇ ਦੇ 16 ਸਰੀਰਾਂ ਦੀ ਅਰਜ਼ ਪ੍ਰਵਾਨ ਕੀਤੀ ਗਈ ਸੀ। ਇਸ ਲਈ ਦੁਬਾਰਾ ਇਨ੍ਹਾਂ ਜਥੇ ਵਾਲਿਆਂ ਨੇ ਮਿਲਕੇ ਅਰਦਾਸ ਰਾਹੀਂ ਬੇਨਤੀ ਲਿਖ ਭੇਜੀ ਕਿ ਬੰਕੋਕ ਵਿਖੇ ਦਰਸ਼ਨ ਦੇਣ ਦੀ ਤਾਰੀਖ਼ ਨਿਸ਼ਚਿਤ ਕਰ ਦੇਵੋ। ਸੋ ਇਸ ਪ੍ਰਕਾਰ ਗਰੀਬ-ਨਿਵਾਜ਼ ਜੀ ਆਪਣੇ ਹਜ਼ੂਰੀ ਸੇਵਕਾਂ ਤੇ ਰਾਗੀ ਜੱਥੇ ਸਹਿਤ ਬੰਕੋਕ ਵਿਖੇ 27 ਜਨਵਰੀ 1957 ਨੂੰ ਦਰਸ਼ਨ ਦੇਣ ਦੀ ਕ੍ਰਿਪਾਲਤ ਕੀਤੀ। ਸ੍ਰੀ ਸਤਿਗੁਰੂ ਜੀ ਦਾ ਇਹ ਬੰਕੋਕ ਦਾ ਵੀਹਵਾਂ ਦੌਰਾ ਸੀ ਅਤੇ ਇਹ ਮੇਲਾ ਕਰਵਾਉਣ ਵਾਲੇ 16 ਸਰੀਰਾਂ ਦੇ ਨਾਮ ਇਸ ਪ੍ਰਕਾਰ ਹਨ:- 1) ਸੇਠ ਤਰਲੋਕ ਸਿੰਘ ਚਾਵਲਾ 2) ਸੁਦਰਸ਼ਨ ਸਿੰਘ ਚਾਵਲਾ 3) ਸੰਤ ਕਰਤਾਰ ਸਿੰਘ ਚਾਵਲਾ 4) ਤਰਲੋਚਨ ਸਿੰਘ ਚਾਵਲਾ 5) ਸੰਤ ਕਿਰਪਾਲ ਸਿੰਘ ਮਨਚੰਦਾ 6) ਸੰਤ ਕਪੂਰ ਸਿੰਘ ਗੋਰੋਵਾੜਾ 7) ਸੰਤ ਦਰਸ਼ਨ ਸਿੰਘ ਗੋਰੋਵਾੜਾ 8) ਸੁਰਿੰਦਰ ਸਿੰਘ ਸਚਦੇਵ 9) ਸੰਤ ਭਗਤ ਸਿੰਘ ਸਚਦੇਵ 10) ਜੋਗਿੰਦਰ ਸਿੰਘ ਮਦਾਨ 11) ਸੰਤ ਤਖ਼ਤ ਸਿੰਘ ਜਰਗਰ 12) ਬਾਊ ਗੁਰਚਰਨ ਸਿੰਘ 13) ਸੇਠ ਅਵਤਾਰ ਸਿੰਘ ਚਾਵਲਾ 14) ਜਗਤ ਸਿੰਘ ਚਾਵਲਾ 15) ਪਿਆਰਾ ਸਿੰਘ ਸਚਦੇਵ 16) .................. ਇਨ੍ਹਾਂ ਮੇਲੇ ਵਾਲੇ ਸਰੀਰਾਂ ਨੇ ਸੇਵਾ ਕਰਨ ਲਈ ਆਪੋ ਵਿੱਚ ਡਿਊਟੀਆਂ ਪਹਿਲਾਂ ਵੰਡ ਲਈਆਂ। ਇਹ ਵੀ ਨਿਸ਼ਚਿਤ ਕੀਤਾ ਸੀ ਕਿ ਸਤਿਗੁਰੂ ਜੀ ਦੇ ਲੰਪਾਙ ਤੇ ਚੰਗਮਈ ਦੇ ਦੌਰੇ ਦੇ ਨਾਲ ਸਾਰੇ ਮੇਲੇ ਵਾਲੇ ਸਰੀਰ ਵੀ ਜ਼ਰੂਰ ਜਾਣ। ਬੰਕੋਕ ਵਿਖੇ ਦਰਸ਼ਨ ਦੇਣ ਸਮੇਂ ਹਰਮਨ ਪਿਆਰੇ ਸੁਰਿੰਦਰ ਸਿੰਘ ਸਚਦੇਵ ਜੀ ਨੇ ਸਤਿਗੁਰੂ ਜੀ ਪ੍ਰਤੀ 'ਜੀਓ ਆਇਆਂ' ਦੇ ਸ਼ਬਦ ਬਹੁਤ ਸੁੰਦਰ ਢੰਗ ਨਾਲ ਉਚਾਰਨ ਕੀਤੇ। ਦੋ ਵੇਲੇ ਕੀਰਤਨ ਸਮੇਂ ਸਾਧ-ਸੰਗਤ ਦੀ ਹਾਜ਼ਰੀ ਕਾਫੀ ਗਿਣਤੀ ਵਿੱਚ ਹੁੰਦੀ ਤੇ ਖ਼ਾਸ ਕਰਕੇ ਸ਼ਾਮ ਦੇ ਦੀਵਾਨ ਸਮੇਂ ਧਰਮਸ਼ਾਲਾ ਦੀ ਜਗ੍ਹਾ ਛੋਟੀ ਮਹਿਸੂਸ ਹੁੰਦੀ। ਇਨ੍ਹਾਂ ਦਿਨਾਂ ਵਿੱਚ ਸ਼ਾਮ ਨੂੰ ਹੁਕਮਨਾਮੇ ਦਾ ਪਾਠ ਹੁੰਦਾ। ਸਤਿਗੁਰੂ ਜੀ ਆਪਣੇ ਮੁਖ਼ਾਰ-ਬਿੰਦ ਤੋਂ ਕਥਾ ਉਪਦੇਸ਼ ਬਹੁਤ ਘੱਟ ਦਿੰਦੇ। ਇਨ੍ਹਾਂ ਦਿਨਾਂ ਵਿੱਚ ਖ਼ਜ਼ਾਨ ਸਿੰਘ ਰਾਗੀ ਨੂੰ ਬੈਠਣ ਦੀ ਤਕਲੀਫ਼ ਹੁੰਦੀ ਸੀ ਤੇ ਇਸ ਲਈ ਕੀਰਤਨ ਕਰਨ ਵੇਲੇ ਇੱਕ ਛੋਟਾ ਜਿਹਾ ਸਰ੍ਹਾਣਾ ਬਣਵਾ ਕੇ ਉਸ ਪਰ ਬੈਠ ਕੇ ਕੀਰਤਨ ਦਾ ਸਾਥ ਦਿੰਦਾ ਸੀ। ਕੁਝ ਦਿਨ ਬਾਅਦ ਸ੍ਰੀ ਸਤਿਗੁਰੂ ਜੀ ਦਾ ਲੰਪਾਙ ਤੇ ਚੰਗਮਈ ਵੱਲ ਰੇਲ ਗੱਡੀ 'ਤੇ ਜਾਣ ਦਾ ਪ੍ਰੋਗਰਾਮ ਬਣਿਆ। ਇਨ੍ਹਾਂ ਦਿਨਾਂ ਵਿੱਚ ਕੁਝ ਵਪਾਰ ਦੀਆਂ ਛੁੱਟੀਆਂ ਹੋਣ ਕਰਕੇ ਕਾਫੀ ਸਰੀਰ ਸਤਿਗੁਰੂ ਜੀ ਦੇ ਨਾਲ ਦੌਰੇ 'ਤੇ ਗਏ ਜਿਨ੍ਹਾਂ ਵਿੱਚ ਸੰਤ ਹਰਬੰਸ ਸਿੰਘ ਮੰਡੀ ਵਾਲੇ ਵੀ ਨਾਲ ਸਨ।

ਲੰਪਾਙ ਵਿਖੇ ਹਮੇਸ਼ਾ ਇੱਕ ਰਾਤ ਦਰਸ਼ਨ ਦਿੰਦੇ ਤੇ ਇੱਥੇ ਦੋ ਦੀਵਾਨ ਸਜਦੇ ਤੇ ਇਸ ਦੌਰੇ 'ਤੇ ਵੀ ਇਸੇ ਤਰ੍ਹਾਂ

ਕੀਰਤਨ ਹੋਇਆ। ਡੇਰਾ ਸ. ਜਗਤ ਸਿੰਘ ਚਾਵਲਾ ਦੇ ਘਰ ਵਿਖੇ ਹੁੰਦਾ। ਦੋ ਵੇਲੇ ਦਾ ਕੀਰਤਨ ਨਾਮਧਾਰੀ ਧਰਮਸ਼ਾਲਾ ਚੰਗਮਈ ਵਿਖੇ ਸਜਦਾ ਤੇ ਇਸ ਸਮੇਂ ਚੰਗਮਈ ਵਿਖੇ ਰਹਿਣ ਵਾਲੇ ਸਹਿਜਧਾਰੀ ਸਿੱਖ (ਹਜਰੋਂ ਸਾਹਿਬ ਵਾਲੇ) ਕਾਫ਼ੀ ਗਿਣਤੀ ਵਿੱਚ ਮਾਈ ਭਾਈ ਬੱਚਿਆਂ ਸਮੇਤ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਚਰਨ ਪਰਸਦੇ ਤੇ ਸ੍ਰੀ ਹਜ਼ੂਰ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ।

ਇੱਕ ਦਿਨ ਚੰਗਮਈ ਵਿਖੇ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਜਲ ਪਾਣੀ ਛਕਕੇ ਗਰੀਬ-ਨਿਵਾਜ ਜੀ ਡੇਰੇ ਵਿਖੇ ਬਿਰਾਜਮਾਨ ਸਨ ਤੇ ਕਾਫ਼ੀ ਸਰੀਰ ਉਸ ਵੇਲੇ ਪਾਸ ਬੈਠ ਕੇ ਦਰਸ਼ਨ ਕਰ ਰਹੇ ਸਨ, ਤਦ ਗਰੀਬ-ਨਿਵਾਜ ਜੀ ਹੁਕਮ ਕੀਤਾ ਕਿ ਸਾਜ ਲੈ ਆਵੋ। ਇੱਥੋਂ ਦੇ ਰਾਗੀ (ਮਾਸਟਰ ਭਗਵਾਨ ਸਿੰਘ ਦੇ ਵੱਡੇ ਭਰਾਤਾ) ਭਾਈ ਰਾਮ ਸਿੰਘ ਨੂੰ ਵੀ ਕੋਈ ਸਰੀਰ ਜਾ ਕੇ ਲੈ ਆਵੇ। ਉਸ ਵੇਲੇ 'ਹੰਸ ਜੀ' ਭਾਈ ਰਾਮ ਸਿੰਘ ਜੀ ਨੂੰ ਲੈਣ ਗਏ ਤੇ ਡੇਰੇ ਵਿਖੇ ਸੰਤ ਦਰਸ਼ਨ ਸਿੰਘ ਤੇ ਖ਼ਜ਼ਾਨ ਸਿੰਘ ਰਾਗੀ ਵੀ ਆ ਗਏ। ਸਾਜ ਸੁਰ ਕਰਨ ਲੱਗਿਆਂ ਖਜਾਨ ਸਿੰਘ ਨੂੰ ਬੈਠਣ ਦੀ ਤਕਲੀਫ਼ ਵੇਖ ਕੇ ਗਰੀਬ-ਨਿਵਾਜ ਜੀ ਪੁੱਛਿਆ,"ਕਿਉਂ ਅਜੇ ਅਰਾਮ ਨਹੀਂ ਆਇਆ?" ਤਾਂ ਖਜਾਨ ਸਿੰਘ ਨੇ ਗੰਭੀਰ ਹੋ ਕੇ ਬੇਨਤੀ ਕੀਤੀ ਕਿ "ਕਿੰਨਾ ਚਿਰ ਹੋ ਗਿਆ ਹੈ ਮੈਨੂੰ ਅਰਜ਼ ਕਰਦਿਆਂ ਨੂੰ, ਮੈਨੂੰ ਅਰਾਮ ਬਖ਼ਸ਼ੋ ਪਰ ਆਪ ਹੱਸ ਕੇ ਟਾਲ ਛੱਡਦੇ ਹੋ, ਮੇਰੀ ਵਾਰੀ ਆਪ ਸੁਣਕੇ ਵੀ ਅਣ-ਸੁਣਿਆਂ ਕਰ ਛੱਡਦੇ ਹੋ? ਕੀ ਆਪ ਨੂੰ ਅਜਾ-ਮੱਲ, ਗਨਕਾ ਨੇ ਤਾਰ ਭੇਜੀ ਸੀ ਜੋ ਝੱਟਪਟ ਪਹੁੰਚ ਕੇ ਉਨ੍ਹਾਂ ਦੀ ਸੁਣ ਲਈ ਜਾ ਕੇ?" ਤਾਂ ਸਤਿਗੁਰੂ ਜੀ ਨੇ ਖੁੱਲ੍ਹੇ ਦਿਲ ਨਾਲ ਬਚਨ ਕੀਤਾ "ਇਹ ਮੇਰੀ ਆਪਣੀ ਮਰਜ਼ੀ ਸੀ" ਤਾਂ ਉਸ ਵੇਲੇ ਦਾ ਵਾਤਾਵਰਨ ਵੇਖਣ ਵਾਲਾ ਸੀ। ਸਭ ਕੋਲ ਬੈਠੇ ਸਰੀਰਾਂ ਦੇ ਨੇਤਰ ਸੇਜਲ ਸਨ।

ਗਰੀਬ-ਨਿਵਾਜ ਜੀ ਨੇ ਇਹ ਬਚਨ ਕਰਕੇ ਸਭ ਨੂੰ ਵਿਖਾ ਦਿੱਤਾ "ਮੈਂ ਓਹੀ ਹਾਂ, ਆਦਿ ਅੰਤ ਏਕੈ ਅਵਤਾਰਾ॥" ਪਰ ਫਿਰ ਵੀ ਇੰਨਾ ਕੁਝ ਵਿਖਾ ਕੇ ਵੀ ਇਹ ਭੁਲਾ ਦਿੰਦਾ ਹੈ, ਸਮੇਂ ਦਾ ਗੇੜਾ ਹੀ ਐਸਾ ਹੈ। ਸਤਿਗੁਰੂ ਜੀ ਤੇ ਹਜ਼ੂਰੀ ਜਥੇ ਦੇ ਵਾਪਿਸ ਬੰਕੋਕ ਆਉਣ 'ਤੇ ਸਵੇਰੇ ਸ਼ਾਮ ਦੋ ਵੇਲੇ ਦਾ ਕੀਰਤਨ ਨਾਮਧਾਰੀ ਧਰਮਸ਼ਾਲਾ ਵਿਖੇ ਸਜਦਾ ਤੇ ਸ਼ਾਮ ਨੂੰ ਕੀਰਤਨ ਤੋਂ ਬਾਅਦ ਨਿੱਤਨੇਮ ਵੀ ਹੁੰਦਾ। ਇਨ੍ਹਾਂ ਦਿਨਾਂ ਵਿੱਚ ਗਰੀਬ-ਨਿਵਾਜ ਜੀ ਕਥਾ ਉਪਦੇਸ਼ ਬਹੁਤ ਘੱਟ ਦਿੰਦੇ, ਕੇਵਲ ਹੁਕਮਨਾਮਿਆਂ ਦਾ ਪਾਠ ਹੀ ਹੁੰਦਾ।

8-2-1957 ਨੂੰ ਸੀ ਫੱਯਾ ਬੰਗਲੇ ਵਿਖੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਤੇ ਇਸ ਸਮੇਂ ਗੁਰ-ਮਰਯਾਦਾ ਅਨੁਸਾਰ ਅਨੰਦ ਕਾਰਜ ਵੀ ਹੋਏ ਜਿਨ੍ਹਾਂ ਵਿੱਚ ਇੱਕ ਆਨੰਦ ਸੇਠ ਮੋਹਰ ਸਿੰਘ ਦੀ ਬੀਬੀ ਤਰਨਜੀਤ ਕੌਰ ਦਾ ਸ. ਭਾਗ ਸਿੰਘ ਦੇ ਸਪੁੱਤਰ ਸਤਪਾਲ ਸਿੰਘ ਨਾਲ ਹੋਇਆ ਸੀ ਤੇ ਉਸ ਸਮੇਂ ਸ੍ਰੀ ਸਤਿਗੁਰੂ ਜੀ ਵੱਲੋਂ ਇਹ ਸੂਚਨਾ ਦਿੱਤੀ ਗਈ ਕਿ ਅੱਜ ਸ਼ਾਮ ਦੇ ਕੀਰਤਨ ਸਮੇਂ ਸਭ ਸੰਗਤ ਮਾਈ ਭਾਈ ਤੇ ਹੋਰ ਵੀ ਦੂਜੀ ਸ਼ਰੇਣੀ ਦੇ ਸਭ ਪ੍ਰਤਿਸ਼ਠਤ ਸੱਜਣ ਜ਼ਰੂਰ ਦਰਸ਼ਨ ਦੇਣ। ਗਰੀਬ -ਨਿਵਾਜ ਜੀ ਆਪਣੇ ਮੁਖ਼ਾਰ-ਬਿੰਦ ਤੋਂ ਕੁਝ ਖ਼ਾਸ ਉਪਦੇਸ਼ ਦੇਣਗੇ। ਸੋ ਇਸ ਸਮੇਂ ਸ਼ਾਮ ਦੇ ਦੀਵਾਨ (ਜੋ ਸੀ ਫੱਯਾ ਡੇਰੇ ਵਿਖੇ ਹੀ ਸੀ) ਸੰਗਤ ਕਾਫੀ ਹਾਜ਼ਰੀ ਵਿੱਚ ਦਰਸ਼ਨ ਕਰਨ ਲਈ ਪਹੁੰਚੀ ਤਾਂ ਉਸ ਦਿਨ ਸ੍ਰੀ ਸਤਿਗੁਰੂ ਜੀ ਨੇ ਜੀਵਨ ਨੂੰ ਸੁਚੱਜਾ ਬਣਾਉਣ ਲਈ 'ਗ੍ਰਹਿਸਥ ਮਾਰਗ' 'ਤੇ ਉਪਦੇਸ਼ ਦਿੱਤੇ ਜੋ ਕਿ ਉਸ ਸਮੇਂ ਰਿਕਾਰਡ ਕੀਤੇ ਗਏ ਤੇ ਇਸਦਾ ਕੁੱਲ ਸਮਾਂ .40 ਮਿੰਟ ਸੀ। ਬਾਹਰ ਦੀਆਂ ਸ਼ਰੇਣੀਆ ਦੇ ਕੁਝ ਸੱਜਣਾਂ ਦੇ ਨਾਮ ਯਾਦ ਵਜੋਂ ਲਿਖ ਰਿਹਾ ਹਾਂ:-

1) ਪੰਡਿਤ ਰਘੂਨਾਥ 2) ਬਾਬੂ ਮੰਗਲ ਦਾਸ
3) ਲਾਲਾ ਜਗਤ ਰਾਮ 4) ਲਾਲਾ ਮੂਲਾ ਮੱਲ
5) ਲਾਲਾ ਖ਼ਜ਼ਾਨ ਚੰਗ 6) ਲਾਭ ਸਿੰਘ ਨਰੂਲਾ
7) ਇਕਬਾਲ ਸਿੰਘ ਨਰੂਲਾ 8) ਗਿਆਨੀ ਅਰਜਨ ਸਿੰਘ
9) ਸੇਵਕ ਰਾਮ ਸਿੰਧੀ ਆਦਿ ਹੋਰ ਵੀ ਬਹੁਤ ਸਾਰੇ ਸਰੀਰ ਇਸ ਵੇਲੇ ਪਹੁੰਚੇ ਹੋਏ ਸਨ। ਸ੍ਰੀ ਸਤਿਗੁਰੂ ਜੀ ਦੂਜੇ ਦਿਨ ਹਜ਼ੂਰੀ ਰਾਗੀ ਜੱਥੇ ਸਹਿਤ ਵਾਪਿਸ ਦੇਸ਼ ਦੀ ਧਰਤੀ ਨੂੰ 9-2-1957 ਨੂੰ ***B. O. A. C.*** ਦੇ ਹਵਾਈ ਜਹਾਜ਼ ਰਾਹੀਂ ਭਾਗ ਲਾਏ। ਬੰਕੋਕ ਦੀ ਸੰਗਤ ਵਿੱਚ ਸ੍ਰੀ ਸਤਿਗੁਰੂ ਜੀ ਦਾ ਬਚਨ ਦਿਨ-ਬ-ਦਿਨ ਦਿਲਾਂ ਵਿੱਚ ਮਹਿਸੂਸ ਹੋ ਰਿਹਾ ਸੀ ਕਿ ਵਿਦਿਆਲੇ ਲਈ ਤੇ ਵੱਡੇ ਦੀਵਾਨਾਂ ਲਈ ਜਗ੍ਹਾ ਲੈਣ ਦਾ ਉਪਰਾਲਾ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ ਤੇ ਇਸ ਲਈ ਕੁਝ ਸੱਜਣਾਂ ਨੇ ਉਗਰਾਹੀ ਲਿਖਾਈ ਜਿਸਦਾ ਜੋੜ ਮਸਾਂ ਇੱਕ ਲੱਖ ਟਿਕਲ ਦੇ ਕਰੀਬ ਸੀ। ਇਸ ਤੋਂ ਬਾਅਦ ਵਿਚਾਰ ਆਇਆ ਕਿ ਇਸ ਕਾਰਜ ਲਈ ਇਕ ਕਮੇਟੀ ਵੀ ਜ਼ਰੂਰ ਬਣਾਈ ਜਾਣੀ ਚਾਹੀਦੀ ਹੈ ਤਾਂ ਕਿ ਇਸ ਦੀ ਪੂਰੀ ਜ਼ਿੰਮੇਵਾਰੀ ਹੋਵੇ ਪਰ ਇਹ ਸਾਲ ਵੀ ਇਸੇ ਤਰਾਂ ਬੀਤ ਰਿਹਾ ਸੀ।

**ਚੱਲਦਾ......................**

ਗਿਆ ਜਿਸ ਨੂੰ ਮੈਂ ਕੇਸ ਵਿਚੋਂ ਕਢਕੇ ਹੱਥ ਵਿਚ ਫੜ ਲਿਆ। ਉਹ ਗੋਲੀਆਂ ਨਾਲ ਭਰਿਆ ਤਾਂ ਸੀ। ਹੁਣ ਅਨ੍ਹੇਰੀ ਕੁਝ ਘਟ ਗਈ ਸੀ। ਭਾਵੇਂ ਕੁਝ ਵਿੱਥ ਤੇ ਖਲੋਤਾ ਬੰਦਾ ਹਾਲੀ ਚੰਗੀ ਤਰ੍ਹਾਂ ਪਛਾਣਿਆ ਨਹੀਂ ਸੀ ਜਾਂਦਾ ਪਰ ਨਜ਼ਰੀਂ ਪੈ ਜਾਂਦਾ ਸੀ। ਪੈਰੋ ਪੈਰ ਚਾਨਣ ਪਸਰ ਰਿਹਾ ਸੀ ਅਤੇ ਕੁਝ ਕੁਝ ਬੂੰਦਾ ਬਾਂਦੀ ਵੀ ਸ਼ੁਰੂ ਹੋ ਗਈ ਸੀ ਪਰ ਕੋਈ ਕੋਈ ਕਣੀ ਆਕੇ ਇੰਝ ਲਗਦੀ ਸੀ ਜਿਵੇਂ ਤਪੀ ਹੋਈ ਲੋਹ-ਚੱਦਰ ਤੇ ਪਾਣੀ ਦੀ ਬੂੰਦ। ਮੈਂ ਉਠਿਆ, ਕਪੜੇ ਝਾੜੇ। ਅਚਾਨਕ ਜਦ ਮੈਂ ਪਿੱਛੇ ਮੁੜ ਕੇ ਡਿੱਠਾ, ਇਕ ਮੁਟਿਆਰ, ਖੂਬਸੂਰਤ ਕੁੜੀ ਮੇਰੀ ਨਜ਼ਰ ਪਈ। ਉਸ ਦੇ ਕੱਪੜੇ ਅਸਲੋਂ ਸਾਦੇ, ਖੁੱਲ੍ਹੇ ਡੁੱਲ੍ਹੇ ਜਿਹੇ, ਮੋਟੇ ਖੱਦਰ ਦੇ ਸਨ। ਉਸ ਦੇ ਵਾਲ ਖੁਲ੍ਹੇ ਤੇ ਗਲ ਵਿਚ ਲਟਕਦੇ ਸਨ। ਬਦਨ ਇਕਹਿਰਾ ਸੁਬਕ ਜਿਹਾ ਪਰ ਰੰਗ ਬਿਲਕੁਲ ਗੋਰਾ ਤੇ ਸਾਫ਼ ਸੀ। ਮੱਥਾ ਚੌੜਾ, ਭਰਵੱਟੇ ਭਰਵੇਂ, ਵੀਣੀਆਂ ਕਾਫ਼ੀ ਮਜ਼ਬੂਤ ਸਨ। ਉਸ ਦੇ ਲੋਹੇ ਦੇ ਕੜੇ ਤੋਂ ਬਿਨਾ ਹੋਰ ਉਕਾ ਹੀ ਕੋਈ ਗਹਿਣਾ ਨਹੀਂ ਸੀ। ਅੱਖਾਂ ਮੋਟੀਆਂ ਰਸੀਲੀਆਂ, ਲਾਜ ਤੇ ਸ਼ਰਮ-ਭਰਪੂਰ ਸਨ, ਜਿਨ੍ਹਾਂ ਵੱਲ ਤਕਣ ਤੋਂ ਮੇਰੀਆਂ ਅੱਖਾਂ ਝੇਪ ਰਹੀਆਂ ਸਨ। ਉਸ ਦੇ ਬੁੱਲ੍ਹ ਫਰਕ ਰਹੇ ਸਨ ਤੇ ਅੱਖਾਂ ਵਿਚ ਅੱਥਰੂਆਂ ਦੇ ਟੋਪੇ ਨਜ਼ਰ ਪੈ ਰਹੇ ਸਨ, ਜੋ ਮੈਂ ਸਾਰਾ ਤਾਣ ਲਾ ਕੇ ਉਸ ਦੇ ਚਿਹਰੇ ਵੱਲ ਤੱਕ ਕੇ ਡਿਠੇ ਸਨ। ਉਹ ਰੋਂਦੀ ਹੋਈ ਅਥਰੂ ਵਹਾ ਰਹੀ ਜਾਪਦੀ ਸੀ। ਉਹ ਮੈਨੂੰ ਕੋਈ ਬਣ-ਦੇਵੀ ਦਿਸ ਰਹੀ ਸੀ। ਮੇਰਾ ਸਿਰ ਬਦੋ- ਬਦੀ ਉਸ ਦੇ ਸਤਿਕਾਰ ਵਿਚ ਝੁਕਦਾ ਜਾ ਰਿਹਾ ਸੀ। ਮੈਂ ਹੈਰਾਨ ਪਰੇਸ਼ਾਨ ਜਿਹਾ ਹੋ ਕੇ, ਸਾਰੀ ਤਾਕਤ ਇਕੱਠੀ ਕਰ ਕੇ ਕਿਹਾ -"ਭੈਣ! ਤੂੰ ਕੌਣ ਹੈਂ? ਤੈਨੂੰ ਕੀ ਤਕਲੀਫ ਹੈ, ਜੋ ਤੂੰ ਇੰਝ ਅੱਥਰੂ ਵਹਾਂਦੀ ਪਈ ਏ ? ਮੈਨੂੰ ਬਹੁਤ ਖੁਸ਼ੀ ਨਾਲ ਆਪਣਾ ਵੀਰ ਸਮਝ ਕੇ ਬੇ-ਝਿਜਕ ਸਾਰੀ ਗੱਲ ਦੱਸੋ?"

"ਵੀਰ ਜੀ! ਮੈਂ ਘੁੱਦਾਂ ਤੋਂ ਆ ਰਹੀ ਸੀ, ਮੇਰੇ ਨਾਲ ਮੇਰੇ ਭਰਾ ਜੀ ਸਨ, ਜੋ ਅਨੇਰੀ ਆਉਣ ਕਰਕੇ, ਮੇਰੇ ਨਾਲੋਂ ਵਿਛੜ ਗਏ ਅਤੇ ਮੈਂ ਇਕੱਲੀ ਰਹਿ ਗਈ। ਮੈਨੂੰ ਡਰ ਤੇ ਰੋਣਾ ਇਸ ਗੱਲ ਦਾ ਹੈ ਜੋ ਕਿਤੇ ਭਰਾ ਜੀ ਨੂੰ ਅੜਬੰਗੀ ਮਿਲ ਗਿਆ, ਜਾਂ ਉਸ ਦੇ ਜੱਥੇ ਦੇ ਹੋਰ ਬੰਦੇ ਮਿਲ ਗਏ ਤਦ ਪਤਾ ਨਹੀਂ ਉਹ ਉਨ੍ਹਾਂ ਨਾਲ ਕੀ ਵਰਤਾਉ ਕਰਨ। ਹਾਇ ਰੱਬਾ। ਮੈਂ ਕਰਾਂ ਤਾਂ ਕੀ ਕਰਾਂ ?"

ਇਹ ਆਖ ਕੁੜੀ ਫਿਰ ਡੁਸਕਣ ਲੱਗ ਪਈ। ਮੈਂ ਉਸ ਨੂੰ ਪੁਛਿਆ, " ਭੈਣ! ਅੜਬੰਗੀ ਇਥੇ ਕਿਤੇ ਨਜ਼ਦੀਕ ਹੀ ਰਹਿੰਦਾ ਹੈ ?"

"ਹਾਂ ਵੀਰ! ਉਹ ਇਸ ਟਿਬੇ ਦੇ ਦੂਜੇ ਪਾਸੇ ਰਹਿੰਦਾ ਹੈ, ਪਰ ਤੁਸੀਂ ਉਸ ਨੂੰ ਕਿਵੇਂ ਜਾਣਦੇ ਹੋ ?"

"ਭੈਣ ਮੇਰੀਏ ਅਜੇ ਹੁਣ ਤਾਂ ਤੂੰ ਆਖ ਹਟੀ ਹੈ ਕਿ ਜੇ ਭਰਾ ਜੀ ਨੂੰ ਅੜਬੰਗੀ ਮਿਲ ਗਿਆ ਤਾਂ ਪਤਾ ਨਹੀਂ ਉਨ੍ਹਾਂ ਨਾਲ ਕਿਵੇਂ ਵਰਤੇਗਾ ?

"ਮੈਂ ਲੋਕਾਂ ਤੋਂ ਸੁਣ ਸੁਣਾ ਕੇ ਹੀ ਆਖਦੀ ਹਾਂ, ਪਰ ਮੈਂ ਤੇ ਉਸ ਵਿਚ ਕੋਈ ਭੈੜ ਨਹੀਂ ਵੇਖਿਆ।"

"ਤਾਂ ਕੀ ਤੂੰ ਉਸ ਨੂੰ ਜਾਣਦੀ ਹੈਂ ?"

"ਉਨ੍ਹਾਂ ਨੂੰ ਇਸ ਇਲਾਕੇ ਵਿਚ ਕੌਣ ਨਹੀਂ ਜਾਣਦਾ ਵੀਰਾ।"

"ਉਹ ਡਾਕੂ ਹੈ, ਲੁਟੇਰਾ ਹੈ, ਪਰਾਇਆ ਹੱਕ ਖੋਹ ਕੇ ਛਕਣਾ ਉਸ ਦਾ ਪੇਸ਼ਾ ਹੈ। ਕੀ ਤੂੰ ਉਸ ਨੂੰ ਫੜਾ ਨਹੀਂ ਸਕਦੀ ?"

"ਤਹਾਨੂੰ ਭਰਾ ਜੀ ਭੁਲੇਖਾ ਹੈ, ਮੈਂ ਤੁਹਾਨੂੰ ਟੋਹਣ ਲਈ ਹੀ ਇਹ ਗੱਲ ਆਖੀ ਸੀ ਕਿਉਂਕਿ ਗੋਰਿਆਂ ਦੀ ਸਰਕਾਰ ਨੇ ਉਸ ਦੀਨ ਬੰਧੂ, ਗਰੀਬਾਂ ਦੇ ਰਾਖੇ . ਦੁਖੀਆਂ ਦੇ ਦੁਖ ਦੂਰ ਕਰਨ ਵਾਲੇ ਸੰਤ ਮਹਾਤਮਾ ਤੇ ਐਵੇਂ ਝੂਠੀਆਂ ਊਜਾਂ ਲਾ ਕੇ ਬਦਨਾਮ ਕਰ ਰਖਿਆ ਹੈ। ਅਸਲ ਗੱਲ ਇਹ ਹੈ ਕਿ ਉਹ ਗੋਰਿਆਂ ਦੇ ਰਾਜ ਦਾ ਆਪਣੇ ਦੇਸ਼ ਵਿਚੋਂ ਖਾਤਮਾ ਕਰਕੇ ਖਾਰੇ ਸਮੁੰਦਰ ਵਿਚ ਸੁੱਟਣਾ ਚਾਹੁੰਦਾ ਹੈ; ਬਸ ! ਇਸ ਤੋਂ ਬਿਨਾਂ ਉਸ ਵਿਚ ਉਹ ਸਭ ਗੁਣ ਹਨ ਜੋ ਇਕ ਪੂਰਨ ਮਨੁੱਖ ਵਿਚ ਹੋਣੇ ਜਰੂਰੀ ਹਨ, ਮੈਂ ਉਨ੍ਹਾਂ ਨੂੰ ਨਹੀਂ ਫੜਾ ਸਕਦੀ।?"

"ਤੈਨੂੰ ਨਾਲ ਚੱਲ ਕੇ ਉਸ ਦਾ ਟਿਕਾਣਾ ਮੈਨੂੰ ਜ਼ਰੂਰ ਦੱਸਣਾ ਪਵੇਗਾ, ਸਮਝੀ ?"

"ਜੇ ਨਾ ਦਸਾਂ ਤਾਂ ਫਿਰ ਤੂੰ ਕੀ ਕਰੇਂਗਾ ? ਨਾਲੇ ਮੈਂ ਕੋਈ ਕਸੂਰ ਵੀ ਨਹੀਂ ਕੀਤਾ, ਫਿਰ ਵੀ ਤੂੰ.....।"

"ਤੂੰ ਇਕ ਡਾਕੂ ਦਾ ਟਿਕਾਣਾ ਜਾਣਦੀ ਹੈ, ਇਹ ਕੋਈ ਘੱਟ ਕਸੂਰ ਨਹੀਂ, ਫਿਰ ਇਹ ਵੀ ਕੀ ਪਤਾ ਹੈ ਕਿ ਤੂੰ ਉਸ ਦੇ ਨਾਲ ਦੀ ਹੀ ਹੋਵੇ?"

"ਵੀਰ! ਜ਼ਬਾਨ ਸੰਭਾਲ ਕੇ ਗੱਲ ਕਰਦੇ ਨੂੰ ਇਕ ਨਾਮ ਜਪਣ ਵਾਲੇ ਤੇ ਪਰਉਪਕਾਰੀ ਸਾਧੂ ਨੂੰ ਡਾਕੂ ਦੱਸਦਾ ਹੈ, ਕਿਥੇ ਭਲਾ ਹੋਵੇਗਾ ਤੇਰਾ?"

"ਮੈਂ ਫਜ਼ੂਲ ਗੱਲਾਂ ਨੀਂ ਸੁਣਨਾ ਚਾਹੁੰਦਾ, ਸਿੱਧੀ ਤਰ੍ਹਾਂ ਮੇਰੇ ਨਾਲ ਤੁਰ?" ਮੈਂ ਜ਼ਰਾ ਕੁ ਰੁਖਾਈ ਜਿਹੀ ਨਾਲ ਕਿਹਾ।

ਪਰ ਉਹ ਫਿਰ ਵੀ ਨਾ ਡਰੀ ਤੇ ਨਾ ਝਿਜਕੀ, ਸਗੋਂ ਉਸੇ ਤਰ੍ਹਾਂ ਗੰਭੀਰ ਤੇ ਨਰਮ ਆਵਾਜ਼ ਵਿਚ ਉਸ ਨੇ ਕਿਹਾ, "ਭੈਣਾਂ ਨਾਲ ਖਰਵੀ ਤਰ੍ਹਾਂ ਨਹੀਂ ਬੋਲੀਦਾ ਵੀਰਾ। ਮੈਂ ਉਨ੍ਹਾਂ ਦਾ ਟਿਕਾਣਾ ਨਹੀਂ ਜੇ ਦੱਸਣਾ।

ਮੈਂ ਇਨ੍ਹਾਂ ਗੱਲਾਂ ਦੀ ਕੋਈ ਪ੍ਰਵਾਹ ਨਾ ਕਰਦਿਆਂ, ਅਗਾਂਹ ਵਧ ਕੇ ਉਸ ਦਾ ਹੱਥ ਆਪਣੇ ਹੱਥ ਵਿਚ ਫੜਨਾ

ਚਾਹਿਆ। ਮੈਂ ਬਚਪਨ ਤੋਂ ਹੀ ਕਸਰਤੀ ਸਾਂ। ਕੱਦ ਤਾਂ ਭਾਵੇਂ ਮੇਰਾ ਕਾਫ਼ੀ ਮਧੁਰਾ ਸੀ, ਪਰ ਅਫਸਰ ਮੈਨੂੰ ਖੰਡਾ ਆਖ ਕੇ ਯਾਦ ਕਰਦੇ। ਮੈਂ ਆਪਣੇ ਨਾਲੋਂ ਦੇਹ ਵਿਚ ਤਕੜਿਆਂ ਤਕੜਿਆਂ ਨੂੰ ਮਿੰਟਾਂ ਵਿਚ ਚਿੱਤ ਕਰ ਦਿਆ ਕਰਦਾ ਸੀ ਪਰ ਉਸ ਬਣਦੇਵੀ ਸ਼ੀਹਣੀ ਕੁੜੀ ਦੀ ਤਾਕਤ ਵੇਖ ਮੈਂ ਜ਼ਮੀਨ ਵਿਚ ਗਰਕ ਹੁੰਦਾ ਜਾ ਰਿਹਾ ਸਾਂ। ਮੈਂ ਜਦ ਉਸ ਦਾ ਹੱਥ ਆਪਣੇ ਹੱਥ ਵਿਚ ਫੜਿਆ, ਉਸ ਨੇ ਨਾ ਮੱਥੇ ਤੇ ਵੱਟ ਪਾਏ ਨਾ ਕੁਝ ਕਿਹਾ, ਸਗੋਂ ਸੁਭਾਵਕ ਹੀ ਉਸ ਆਪਣਾ ਹੱਥ ਮੇਰੇ ਹੱਥ ਵਿਚੋਂ ਛੁਡਾ ਲਿਆ, ਨਾਲ ਅਜਿਹਾ ਝਟਕਾ ਦਿੱਤਾ ਜਿਸ ਤੋਂ ਮੈਂ ਸੰਭਲ ਨਾ ਸਕਿਆ, ਬਲਕਿ ਕਈ ਹੱਥ ਦੂਰ ਢਿੱਡ ਪਰਨੇ ਜਾ ਡਿੱਗਿਆ ਤੇ ਉਸ ਨੇ ਬਿਜਲੀ ਜਿਹੀ ਫੁਰਤੀ ਨਾਲ ਮੇਰੇ ਹੱਥੋਂ ਮੇਰਾ ਪਸਤੌਲ ਵੀ ਖੋਹ ਲਿਆ, ਨਾਲ ਹੀ ਹੱਸਦਿਆਂ ਕਿਹਾ, "ਬੱਸ ਵੀਰ ! ਇਸੇ ਮਾਣ ਤੇ ਜ਼ੋਰ ਦੀ ਆੜ ਨਾਲ ਸੰਤ ਭਗਵਾਨ ਸਿੰਘ ਨੂੰ ਫੜਨ ਆਇਆ ਏਂ?"

ਮੈਂ ਮਨ ਮਸੋਸ ਕੇ ਚੁੱਪ ਕਰ ਰਿਹਾ ਅਤੇ ਇਕ ਛੋਕਰੀ ਹੱਥੋਂ ਇਉਂ ਬੇਇੱਜ਼ਤ ਹੋ ਕੇ ਸ਼ਰਮ ਨਾਲ ਮਰਨ-ਹਾਕਾ ਜਿਹਾ ਹੋ ਗਿਆ, ਪਰ ਮੌਤ ਸਾਡੇ ਜਿਹੇ ਕੌਮੀ ਗੱਦਾਰਾਂ ਦੇ ਨੇੜੇ ਆਉਣ ਤੋਂ ਵੀ ਸੰਗਦੀ ਰਹਿੰਦੀ ਹੈ। ਉਸ ਉਜਾੜ ਰੋਹੀ ਵਿੱਚ ਮੇਰੀ ਇਸ ਕਮਜੋਰੀ ਤੇ ਹੱਸਣ ਵਾਲਾ ਕੋਈ ਨਹੀਂ ਸੀ ਪਰ ਮੈਂ ਆਪਣੇ ਆਪ ਨੂੰ ਆਪ ਹੀ ਲਾਹਨਤਾਂ ਪਾਉਂਦਾ ਸੀ। ਸ਼ਰਮ ਨਾਲ ਪਾਣੀ-ਪਾਣੀ ਜਿਹਾ ਹੋਇਆ ਮੈਂ ਉਸ ਕੁੜੀ ਵੱਲ ਅੱਖ ਉੱਚੀ ਕਰਕੇ ਵੇਖਣ ਦੀ ਹਿੰਮਤ ਵੀ ਨਹੀਂ ਸੀ ਕਰ ਸਕਦਾ। ਗਰਦ ਚਾੜਦਾ ਮੈਂ ਉਠ ਖਲੋਤਾ ਅਤੇ ਮਨ ਹੀ ਮਨ ਵਿਚ ਸੋਚਦਾ ਸੀ ਕਿ ਹੁਣ ਮੈਂ ਇਸ ਕੁੜੀ ਨੂੰ ਕੀ ਕਹਾਂ ? ਪਰ ਉਸ ਨੇ ਆਪ ਹੀ ਮੈਨੂੰ ਸੰਬੋਧਨ ਕਰਦਿਆਂ ਕਿਹਾ:

"ਤੂੰ ਕੋਈ ਪੁਲਸੀਆ ਤੇ ਨਹੀਂ ਵੀਰ?"

"ਮੈਂ ਪੁਲਿਸ ਦਾ ਇੰਨਸਪੈਕਟਰ ਹਾਂ ਤੇ ਅੜਬੰਗੀ ਨੂੰ ਫੜਨ ਆਇਆ ਹਾਂ।

"ਜੇ ਮੈਂ ਫੜਾ ਦਿਆਂ ਤਾਂ ਕੀ ਦਏਂਗਾ ?

ਇਕ ਹਜ਼ਾਰ ਨਕਦ।"

"ਸੱਚ ! ਕਿ ਐਵੇਂ ਗੱਪਾਂ ਹੀ ਮਾਰਦਾ ਏ ਪਿਆ?"

"ਗੁਰੂ ਗ੍ਰੰਥ ਸਾਹਿਬ ਦੀ ਕਸਮ ਖਾ ਕੇ ਆਖਦਾ ਹਾਂ।

"ਕੀ ਤੂੰ ਵੀ ਗੁਰੂ ਤੇ ਗੁਰੂ ਦੀ ਬਾਣੀ ਨੂੰ ਮੰਨਦਾ ਹੈ

"ਮੰਨਦਾ ਕਿਉਂ ਨਹੀਂ

"ਫਿਰ ਉਸ ਅੰਗਰੇਜ ਦਾ ਗੁਲਾਮ ਕਿਉਂ ਹੋਇਆ ਹੈ, ਜਿਸ ਨੇ ਸਾਡਾ ਰਾਜ ਭਾਗ ਖੋਹ ਕੇ ਸਾਨੂੰ ਬਰਬਾਦ ਕਰ ਦਿੱਤਾ ਹੈ ਅਤੇ ਸਾਡੇ ਸਤਿਗੁਰੂ ਰਾਮ ਸਿੰਘ ਜੀ ਨੂੰ ਨਿਰਦੋਸ਼ ਹੁੰਦਿਆਂ ਵੀ ਦੇਸ਼ ਵਿਚੋਂ ਦੂਜੇ ਦੇਸ਼ ਜਾ ਪੁਚਾਇਆ ਹੈ।"

"ਕੀ ਕਰਾਂ, ਡਿਊਟੀ ਜ ਹੋਈ।"

"ਸਿੱਖ ਹੋ ਕੇ ਨਿਰਦੋਸ਼ ਸੰਤ ਸਰੂਪ ਸਿੱਖ ਨੂੰ ਫਾਹੇ ਲੁਆਉਣ ਦੀ ?

ਮੈਂ ਚੁੱਪ ।

"ਚੰਗਾ, ਮੈਂ ਸਿਰਫ਼ ਵਿਖਾ ਦਿਆਂਗੀ ?

"ਹਾਂ ! ਵਿਖਾ ਦੇਣਾ ਬਾਕੀ ਸਭ ਕੁਝ ਮੈਂ ਆਪੇ ਕਰ ਲਵਾਂਗਾ।

""ਚੰਗੀ ਗੱਲ ਹੈ।

"ਪਰ ਮੇਰਾ ਪਸਤੌਲ ਮੈਨੂੰ ਦੇ ਦੇ, ਅਜਿਹਾ ਨਾ ਹੋਵੇ ਜੇ ਉਹ ਮੈਨੂੰ ਐਵੇਂ ਭੰਗ ਦੇ ਭਾੜੇ ਹੀ ਮਾਰ ਦੇਵੇ।

ਇਸ ਦਾ ਜ਼ੁੰਮਾ ਮੈਂ ਲੈਂਦੀ ਹਾਂ।

"ਸੱਚ ?? .

"ਹਾਂ, ਜੇ ਤੁਹਾਨੂੰ ਮਾਰਨਾ ਹੁੰਦਾ ਤਾਂ ਇਸ ਤੋਂ ਚੰਗਾ ਸਮਾਂ ਹੋਰ ਕਿਹੜਾ ਮਿਲ ਸਕਦਾ ਸੀ। ਇਸ ਅਨ੍ਹੇਰੀ ਵਿਚ ਪਤਾ ਵੀ ਨਹੀਂ ਸੀ ਲਗਣਾ ਅਤੇ ਮਾਰ ਕੇ ਤੁਹਾਨੂੰ ਇਥੇ ਹੀ ਟਿਬੇ ਵਿਚ ਮਿੱਟੀ ਦੇ ਦਿੱਤੀ ਜਾਂਦੀ ਪਰ ਉਹ ਸੰਤ ਹਨ, ਕਦੀ ਕਿਸੇ ਬੇਗੁਨਾਹ ਨੂੰ ਨਹੀਂ ਮਾਰਦੇ, ਉਹ ਤੇ ਜ਼ਹਿਰੀਲੇ ਸੱਪ ਨੂੰ ਵੀ ਨਹੀਂ ਮਾਰਦੇ ਅਤੇ ਨਾ ਹੀ ਕੋਲ ਹੁੰਦੇ ਕਿਸੇ ਹੋਰ ਨੂੰ ਹੀ ਮਾਰਨ ਦਿੰਦੇ ਹਨ। ਉਹ ਪੂਰਨ ਅਹਿੰਸਕ ਹਨ ਅਤੇ ਕੀੜੀ ਮਾਰਨ ਨੂੰ ਵੀ ਬੱਜਰ ਪਾਪ ਤੋਂ ਘੱਟ ਨਹੀਂ ਗਿਣਦੇ।

**ਚੱਲਦਾ......................**

**ਨਵੇਂ ਰੂਪ ਵਿੱਚ ਛਪ ਰਹੇ 'ਸਤਿਜੁਗ' ਦੇ ਪਰਚੇ ਨੂੰ ਹੋਰ ਚੰਗੇਰਾ ਬਣਾਉਣ ਲਈ ਆਪਣੇ ਕੀਮਤੀ ਸੁਝਾਅ ਪਾਠਕ ਜ਼ਰੂਰ ਭੇਜਣ।**

# ਸੁੱਚੇ ਮੋਤੀ

✪ **ਕੁਦਰਤ ਦਾ ਮਾਰਗ**-ਇਕ ਅਮੀਰ ਆਦਮੀ ਨੇ ਫ਼ਕੀਰ ਸੇਨਗਾਈ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਪਰਿਵਾਰ ਦੀ ਖ਼ੁਸ਼ਹਾਲੀ ਲਈ ਕੁਝ ਲਿਖ ਕੇ ਦੇਵੇ। ਇਸ ਲਿਖਤ ਨੂੰ ਉਹ ਪੀੜੀ-ਦਰ-ਪੀੜੀ ਸੰਭਾਲ ਕੇ ਰੱਖਣਗੇ।
ਸੇਨਗਾਈ ਨੇ ਇਕ ਵੱਡਾ ਕਾਗ਼ਜ਼ ਲਿਆ ਤੇ ਉਸ 'ਤੇ ਲਿਖਿਆ, "ਬਾਪ ਮਰੇ, ਪੁੱਤ ਮਰੇ, ਪੋਤਾ ਮਰੇ।"
ਜਦ ਉਸ ਅਮੀਰ ਨੇ ਪੜ੍ਹਿਆ ਤਾਂ ਉਸ ਨੂੰ ਬਹੁਤ ਗੁੱਸਾ ਆਇਆ, "ਮੈਂ ਤੈਨੂੰ ਆਪਣੇ ਪਰਿਵਾਰ ਦੀਆਂ ਖ਼ੁਸ਼ੀਆਂ ਲਈ ਕੁਝ ਲਿਖਣ ਲਈ ਕਿਹਾ ਸੀ। ਤੇਰਾ ਇਸ ਤਰ੍ਹਾਂ ਦਾ ਮਜ਼ਾਕ ਉਡਾਉਣ ਦਾ ਕੀ ਮਤਲਬ ਹੋਇਆ?"
"ਮੈਂ ਕੋਈ ਮਜ਼ਾਕ ਨਹੀਂ ਕੀਤਾ। ਜੇ ਤੇਰੇ ਤੋਂ ਪਹਿਲਾਂ ਤੇਰਾ ਪੁੱਤਰ ਮਰ ਜਾਵੇ ਤਾਂ ਇਸ ਨਾਲ ਤੈਨੂੰ ਡੂੰਘਾ ਦੁੱਖ ਪਹੁੰਚੇਗਾ। ਜੇ ਤੇਰੇ ਪੁੱਤਰ ਤੋਂ ਪਹਿਲਾਂ ਤੇਰਾ ਪੋਤਾ ਮਰ ਜਾਵੇ ਤਾਂ ਤੁਸੀਂ ਦੋਵੇਂ ਬਹੁਤ ਦੁਖੀ ਹੋਵੋਗੇ। ਜੇ ਤੇਰੇ ਪਰਿਵਾਰ ਵਾਲੇ ਪੀੜੀ-ਦਰ-ਪੀੜੀ ਮਰਨ ਜਿਵੇਂ ਕਿ ਮੈਂ ਆਪਣੇ ਕਾਗ਼ਜ਼ ਉੱਪਰ ਲਿਖਿਆ ਹੈ ਤਾਂ ਇਹੀ ਕੁਦਰਤ ਦਾ ਸਹਿਜ਼ ਮਾਰਗ ਹੋਵੇਗਾ। ਇਸੇ ਨੂੰ ਮੈਂ ਖ਼ੁਸ਼ਹਾਲੀ ਸਮਝਦਾ ਹਾਂ।" ਸੇਨਗਾਈ ਨੇ ਆਪਣੀ ਗੱਲ ਸਮਝਾਉਂਦਿਆਂ ਕਿਹਾ॥

**ਪਰਮਿੰਦਰ ਸੋਢੀ**

✪ ਸਭ ਤੋਂ ਸੋਹਣਾ ਅਨੁਭਵ ਰਹੱਸਮਈ ਗੱਲਾਂ ਨੂੰ ਜਾਂ ਗੁੱਝੀਆਂ ਭੇਤ ਭਰੀਆਂ ਗੱਲਾਂ ਨੂੰ ਮਹਿਸੂਸ ਕਰਨਾ ਹੁੰਦਾ ਹੈ। ਇਹ ਅਨੁਭਵ ਹਰ ਕਲਾ ਅਤੇ ਸਾਇੰਸ ਦਾ ਆਧਾਰ ਹੁੰਦਾ ਹੈ। ਜਿਸ ਨੂੰ ਇਹ ਅਹਿਸਾਸ ਓਪਰਾ ਲੱਗਦਾ ਹੈ, ਜਿਹੜਾ ਹੈਰਾਨੀ ਨਾਲ ਸੁੰਨ ਨਹੀਂ ਹੋ ਸਕਦਾ ਅਤੇ ਜਿਹੜਾ ਵਿਸਮਾਦ ਨਾਲ ਮਸਤ ਨਹੀਂ ਹੋ ਸਕਦਾ, ਉਹ ਮਰਿਆਂ ਬਰਾਬਰ ਹੁੰਦਾ ਹੈ। ਉਸ ਦੀਆਂ ਅਖਾਂ ਬੰਦ ਹੋ ਚੁੱਕੀਆਂ ਹੁੰਦੀਆਂ ਹਨ।

**ਆਈਨਸਟਾਈਨ**

✪ ਚਾਲੀ ਦੀ ਉਮਰ ਵਿੱਚ ਮੇਰੇ ਸਾਰੇ ਭਰਮ ਟੁੱਟ-ਭੱਜ ਗਏ। ਪੰਜਾਹ ਦੀ ਉਮਰ ਵਿਚ ਮੇਰੇ ਵਾਲ ਝੜ ਗਏ। ਸੱਠ ਸਾਲ ਦਾ ਹੋਇਆਂ ਤਾਂ ਮੇਰੀਆਂ ਉਮੀਦਾਂ ਅਤੇ ਦੰਦ ਵੀ ਮੈਨੂੰ ਛੱਡ-ਛੁਡਾ ਗਏ। ਅੱਸੀ ਵਿਚ ਜ਼ਿੰਦਗੀ ਨੇ ਪੰਜਿਆਂ ਨੂੰ ਕੱਸ ਕੇ ਫੜ ਲਿਆ। ਮੈਂ ਬੇਹੋਸ਼ ਹੋ ਗਿਆ। ਮੈਂ ਖਸਤਾ ਹਾਲਤ ਹੋ ਗਿਆ ਤੇ ਝੁਕ ਕੇ ਤੁਰਨ ਲੱਗਾ। ਪਰ ਮੈਂ ਆਪਣੇ ਪਿੰਜਰ ਨੂੰ ਛੱਡਣ ਲਈ ਤਿਆਰ ਨਾ ਹੋਇਆ ਕਿਉਂਕਿ ਮੇਰੀਆਂ ਬੇਵਕੂਫ਼ੀਆਂ ਜਿਉਂ ਦੀਆਂ ਤਿਉਂ ਕਾਇਮ ਰਹੀਆਂ।

**ਈ. ਵਾਈ. ਹਾਰਬਰਗ**

✪ ਜੇ ਤੁਸੀਂ ਬਾਰ-ਬਾਰ ਅਸਫ਼ਲ ਨਹੀਂ ਹੋ ਰਹੇ ਤਾਂ ਸਮਝੋ ਤੁਸੀਂ ਕੁਝ ਵੀ ਨਵਾਂ ਨਹੀਂ ਖੋਜ ਰਹੇ।

**ਵੂਡੀ ਐਲਨ**

✪ ਜਿਸ ਤਰ੍ਹਾਂ ਦੇ ਤੁਸੀਂ ਅਸਲ ਵਿਚ ਹੋ ਉਸੇ ਤਰ੍ਹਾਂ ਦੇ ਹੋ ਕੇ ਰਹੋ ਅਤੇ ਉਹੀ ਕਰੋ ਜੋ ਤੁਸੀਂ ਅਸਲ ਵਿਚ ਮਹਿਸੂਸ ਕਰਦੇ ਹੋ ਕਿਉਂਕਿ ਜਿਨ੍ਹਾਂ ਨੂੰ ਤੁਹਾਡੀ ਅਸਲੀਅਤ ਬੁਰੀ ਲੱਗਦੀ ਹੈ, ਉਹ ਤੁਹਾਡੇ ਲਈ ਮਹੱਤਤਾ ਨਹੀਂ ਰੱਖਦੇ ਅਤੇ ਜੋ ਤੁਹਾਡੇ ਲਈ ਮਹੱਤਤਾ ਰੱਖਦੇ ਹਨ, ਉਹ ਤੁਹਾਡੀ ਅਸਲੀਅਤ ਨੂੰ ਬੁਰਾ ਕਦੇ ਨਹੀਂ ਮੰਨਦੇ।

**ਬਰਨਾਰਡ ਬਰੂਚ**

✪ ਸੰਤਾਂ ਦਾ ਇਹ ਸਹਿਜ ਸੁਭਾਅ ਹੁੰਦਾ ਹੈ ਕਿ ਉਹ ਮਨ, ਬੋਲ-ਬਚਨ ਅਤੇ ਕਰਮਾਂ ਰਾਹੀਂ ਹੋਰਾਂ ਦਾ ਭਲਾ ਕਰਦੇ ਹਨ।

**ਤੁਲਸੀਦਾਸ**

# ਬੱਚਿਆਂ ਦਾ ਪੰਨਾ

## ਲੋਹ ਸੋਨੇ ਦੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਦੋਂ 20-22 ਸਾਲ ਦੇ ਹੋਏ ਤਾਂ ਆਪ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਹੋ ਗਏ। ਫੌਜ ਵਿੱਚ ਰਹਿੰਦਿਆਂ ਵੀ ਆਪ ਸਦਾ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ। ਇਸੇ ਭਜਨ ਬੰਦਗੀ ਕਾਰਨ ਆਪ ਜੀ ਦੀ ਪਲਟਨ ਦਾ ਨਾਮ ਭਗਤਾਂ ਦੀ ਪਲਟਨ ਪੈ ਗਿਆ।

ਫੌਜ ਦੀ ਨੌਕਰੀ ਕਰਦਿਆਂ ਇਕ ਦਿਨ ਲੋਹ ਤੇ ਪਰਸ਼ਾਦੇ ਪਕਾਉਣ ਗਿਆਂ, ਸੂਬੇਦਾਰ ਦੇ ਅਰਦਲੀ ਨਾਲ ਪ੍ਰਸ਼ਾਦੇ ਪਹਿਲਾਂ ਜਾਂ ਪਿੱਛੋਂ ਪਕਾਉਣ ਦੀ ਝਪਟ ਹੋ ਗਈ। ਆਪ ਜੀ ਨੇ ਅੱਧੀ ਲੋਹ ਤੇ ਕਿਰਪਾਨ ਨਾਲ ਲਕੀਰ ਖਿੱਚ ਦਿੱਤੀ ਅਤੇ ਬਚਨ ਕੀਤਾ, "ਅੱਧੀ ਲੋਹ ਤੇ ਤੂੰ ਪ੍ਰਸ਼ਾਦੇ ਪਕਾ ਲੈ ਅਤੇ ਅੱਧੀ ਲੋਹ ਤੇ ਅਸੀਂ ਪਕਾ ਲੈਨੇ ਹਾਂ"।

ਜਿਸ ਪਾਸੇ ਆਪ ਨੇ ਲੀਕ ਵਾਹੀ ਸੀ, ਉਹ ਆਪ ਜੀ ਵਾਲਾ ਪਾਸਾ ਸੋਨੇ ਦਾ ਹੋ ਗਿਆ। ਇਹ ਕੌਤਕ ਵੇਖ ਕੇ ਅਰਦਲੀ ਭੱਜਾ-ਭੱਜਾ ਸੂਬੇਦਾਰ ਕਾਹਨ ਸਿੰਘ ਨੂੰ ਸੱਦ ਲਿਆਇਆ। ਸੂਬੇਦਾਰ ਇਹ ਕੌਤਕ ਵੇਖ ਕੇ ਚਰਨੀ ਢਹਿ ਪਿਆ ਅਤੇ ਪਹਿਰਾ ਮੁਆਫ ਕਰ ਦਿੱਤਾ ਅਤੇ ਭੁੱਲ ਬਖਸ਼ਾਈ। ਸਤਿਗੁਰਾਂ ਦਾ ਸਿੱਖ ਬਣਿਆ। ਐਸਾ ਨਿਰਾਲਾ ਰੂਪ ਸੀ ਸਤਿਗੁਰਾਂ ਦਾ ਕਿ ਜਿਹੜਾ ਵੀ ਦਰਸ਼ਨ ਕਰ ਲੈਂਦਾ, ਉਹ ਮੋਹਿਆ ਜਾਂਦਾ ਸੀ।

**-ਨਰਿੰਦਰ ਲੌਰ**

**ਕਾਕਾ** **ਮਾਤਾ**

ਮਾਤਾ ਜੀ! ਮਾਤਾ ਜੀ!....................ਜੀਉ ਵੇ ਲਾਲ।
ਕੀ ਕੀ ਬਣਾਇਆ ਜੇ?..................ਫੁਲਕੇ ਤੇ ਦਾਲ।
ਹੋਰ ਭੀ ਕੋਈ ਸ਼ੈ?........................ਗੁੱਛੀਆਂ, ਚੌਲ।
ਹੱਛਾਂ ਤੇ ਹੋਰ ਕੀ?........................ਦਹੀਂ ਦਾ ਕੌਲ।
ਮੱਖਣ ਵੀ ਦੇਓਗੇ?........................ਕਿਉਂ ਨਹੀਂ, ਜ਼ਰੂਰ।
ਫਲ ਵੀ ਮੰਗਾਏ ਜੇ?......................ਕੇਲਾ, ਅੰਗੂਰ।
ਵਾਹਵਾ ਜੀ, ਦੇਓ ਫਿਰ,..................ਹੱਥ ਤੇ ਧੋ।
ਧੋ ਕੇ ਤੇ ਆਇਆ ਵਾਂ,....................ਹੱਛਾ ਖਲੋ।
ਥਾਲੀ ਵੀ ਲੈ ਆਵਾਂ?.....................ਕੌਲਾ ਵੀ ਨਾਲ।
ਚਮਚਾ ਵੀ ਲੈ ਆਵਾਂ?....................ਸ਼ਾਬਾਸ਼ੇ ਲਾਲ।

ਵੇਖੋਂ ਨਾ, ਕਾਕਾ ਵੇ। ਤੱਤੀ ਊ ਦਾਲ।
ਕੰਡਾ ਨਾ ਪੈ ਜਾਵੇ, ਰੱਖੀਂ ਖਿਆਲ।
ਮੱਖੀ ਨਾ ਬੈਠਣ ਦੇ ਪੱਖੀ ਹਿਲਾ।
ਨਿੱਕੀਆਂ ਬੁਰਕੀਆਂ, ਚਿੱਥ ਕੇ ਖਾ।
ਜਿੰਨਾ ਤੂੰ ਖਾਣਾ ਏ, ਓਨਾ ਈ ਲੈ।
ਜੂਠੀ ਨਾ ਰਹਿ ਜਾਏ, ਕੋਈ ਵੀ ਸ਼ੈ।
ਮਲ ਕੇ ਸਾਬੁਣ ਹੁਣ ਹੱਥ ਸੁਆਰ।
ਦੰਦਾਂ ਨੂੰ ਸਾਫ ਕਰ ਉਂਗਲੀ ਮਾਰ।
ਸਾਬਾਸ਼ੇ ਹੁਣ ਜਾ ਕੇ ਕਰ ਲੈ ਅਰਾਮ।
ਸੁਣ ਕੇ ਸਬਕ ਫਿਰ ਦਿਆਂਗੀ ਇਨਾਮ।

**-ਧਨੀ ਰਾਮ ਚਾਤ੍ਰਿਕ**

# ਖ਼ਬਰਨਾਮਾ

## ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਲੋਂ 10 ਕਿ:ਮੀ: ਦੀ ਹਾਫ਼ ਮੈਰਾਥਨ ਦਾ ਆਯੋਜਨ

**30 ਸਤੰਬਰ**:- ਐਸ.ਪੀ.ਐਸ ਹਸਪਤਾਲ ਲੁਧਿਆਣਾ ਵਰਲਡ ਹੈਲਥ ਕੇਅਰ ਡੇਅ ਸੰਬੰਧੀ ਪੰਜਵੀਂ ਹਾਫ਼ ਮੈਰਾਥਨ ਦੌੜ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਦੌੜਕਾਂ ਨੇ ਹਿੱਸਾ ਲਿਆ। ਗੁਰੂ ਨਾਨਕ ਦੇਵ ਸਟੇਡੀਅਮ ਤੋਂ ਸ਼ੁਰੂ ਹੁੰਦੀ ਹੋਈ ਇਹ ਦੌੜ ਫ਼ੁਹਾਰਾ ਚੌਂਕ-ਪਵੇਲੀਅਨ ਮਾਲ, ਦਕਸ਼ ਪਰਜਾਪਤੀ ਚੌਂਕ, ਡੰਡੀਸ ਵਾਸੀ, ਡੀ: ਐਮ: ਸੀ: ਚੌਂਕ, ਹੈਬੋਵਾਲ ਚੌਂਕ, ਭਾਰਤ ਨਗਰ ਚੌਂਕ ਤੋਂ ਦੁਰਗਾ ਮਾਤਾ ਮੰਦਰ ਹੁੰਦੀ ਹੋਈ ਵਾਪਸ ਸਟੇਡੀਅਮ ਵਿਚ ਖ਼ਤਮ ਹੋਈ, ਜਿੱਥੇ ਜੇਤੂਆਂ ਨੂੰ ਇਨਾਮ ਵੰਡੇ ਗਏ। ਲੜਕੀਆਂ ਦੀ ਦੌੜ ਦੀ ਫਲੈਗ ਆਫ਼ ਦੀ ਰਸਮ ਵਿਸ਼ੇਸ਼ ਤੌਰ ਤੇ ਪਹੁੰਚੇ ਏਸ਼ੀਆ ਟੀਮਾਂ 'ਚ ਭਾਰਤ ਨੂੰ ਸੋਨ ਤਗਮਾ ਜਿਤਾਉਣ ਵਾਲੇ ਤੇਜਿੰਦਰ ਸਿੰਘ ਤੂਰ ਨੇ ਕੀਤੀ। 10 ਕਿ:ਮੀ: ਦੀ ਦੌੜ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਫਲੈਗ ਆਫ਼ ਕਰਕੇ ਰਵਾਨਾ ਕੀਤਾ।

ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਹੁਕਮ ਕੀਤਾ ਕਿ ਖੇਡਾਂ ਦੇ ਅਜਿਹੇ ਆਯੋਜਨ ਕਰਵਾਉਣ ਦਾ ਸਾਡਾ ਮੰਤਵ ਇਹ ਹੈ ਕਿ ਹਰ ਘਰ ਵਿੱਚ ਖਿਲਾੜੀ ਹੋਣ ਤੇ ਲੋਕ ਤੰਦਰੁਸਤ ਹੋਣ। ਪੰਜਾਬ ਨਸ਼ਿਆਂ ਦੀ ਲਪੇਟ ਤੋਂ, ਬਿਮਾਰੀਆਂ ਤੋਂ ਬਚਿਆ ਰਹੇ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਅਨੁਸਾਰ ਸਾਡੀ ਹਾਕੀ ਦੀ ਟੀਮ ਨੇ ਭਾਰਤ ਨੂੰ ਉਲੰਪਿਅਨ ਦਿੱਤੇ ਹਨ। ਹੁਣ ਅਸੀਂ ਫੁੱਟਬਾਲ ਦੀ ਟੀਮ ਵੀ ਤਿਆਰ ਕਰ ਰਹੇ ਹਾਂ।

ਤੇਜਿੰਦਰਪਾਲ ਸਿੰਘ ਤੂਰ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਹੋਣਾ ਚਾਹੀਦਾ ਹੈ ਤੇ ਖੇਡਾਂ ਵੱਲ ਨੂੰ ਪ੍ਰੇਰਿਤ ਹੋਣਾ ਚਾਹੀਦਾ ਹੈ। ਇਸ ਪ੍ਰੋਗਰਾਮ ਦਾ ਆਯੋਜਨ ਐਸ:ਪੀ:ਐਸ ਹਸਪਤਾਲ ਦੀ ਟੀਮ ਵੱਲੋਂ ਬੜੇ ਸੁਚੱਜੇ ਢੰਗ ਨਾਲ ਕੀਤਾ ਗਿਆ ਸੀ। ਸ੍ਰੀ ਭੈਣੀ ਸਾਹਿਬ ਅਤੇ ਲੁਧਿਆਣੇ ਦੇ ਨੌਜਵਾਨਾ ਨੇ ਇਸ ਸਾਰੇ ਪ੍ਰਬੰਧ ਵਿਚ ਵਲੰਟਰਲੀ ਸੇਵਾ ਨਿਭਾਈ।

ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲਿਆਂ ਨੂੰ ਮੈਡਲਾਂ ਦੇ ਨਾਲ ਨਾਲ 20000, 11000, 7000ਰੁ: ਦੇ ਚੈਕ ਦੇ-ਦੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਚੌਥੇ ਤੋਂ ਦੱਸਵੇਂ ਸਥਾਨ ਆਉਣ ਵਾਲਿਆਂ ਨੂੰ 2100-2100 ਦੀ ਰਾਸ਼ੀ ਦੇ ਸਨਮਾਨਿਆ ਗਿਆ। ਹਰ ਇੱਕ ਪ੍ਰਤੀਯੋਗੀ ਲਈ ਸਰਟੀਫਿਕੇਟ ਅਤੇ ਮੈਡਲਾਂ ਦਾ ਪ੍ਰਬੰਧ ਕੀਤਾ ਗਿਆ ਸੀ। ਖਿਡਾਰੀਆਂ ਦੇ ਛਕਣ-ਛਕਾਉਣ ਲਈ ਚਾਹਟਾ ਤੇ ਪਕੌੜਿਆਂ ਦਾ ਵਿਸ਼ੇਸ਼ ਪ੍ਰਬੰਧ ਸੀ। ਅਖੀਰ ਲੁਧਿਆਣਾ ਸ਼ਹਿਰ ਨੂੰ ਤੰਦਰੁਸਤੀ ਦੀ ਦੌੜ ਦਾ ਸੱਦਾ ਦੇਂਦੀ ਐਸ: ਪੀ: ਐਸ: ਹਸਪਤਾਲ ਦੀ ਪੰਜਵੀਂ 'ਦਿਲ ਕੀ ਦੌੜ' ਸਮਾਰੋਹ ਦਾ ਆਯੋਜਨ ਸਤਿਗੁਰੂ ਜੀ ਦੀ ਕਿਰਪਾ ਦੁਆਰਾ ਸੰਪੂਰਨ ਹੋਇਆ।

**ਸੁਖਵਿੰਦਰ ਸਿੰਘ ਲਾਇਲ**
**98155-77811**

---

## ਸੰਤ ਹਰਦਿਆਲ ਸਿੰਘ ਝੱਲ ਨਮਿਤ ਮੇਲਾ

ਸੰਤ ਹਰਦਿਆਲ ਸਿੰਘ ਜੀ ਝੱਲ ਗੁਰੂ ਘਰ ਦੇ ਨਿਵਾਜੇ ਸ਼ਰਧਾਲੂ ਸਿੱਖ ਸਨ। ਆਪ ਜੀ ਕੁਝ ਚਿਰ ਬਿਮਾਰ ਰਹਿ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਆਪ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪੂਰਨ ਵਿਸ਼ਵਾਸ਼ ਪਾਤਰ ਸੇਵਕਾਂ ਵਿਚੋਂ ਸਨ। ਆਪ ਜੀ ਨੇ ਸਾਰੀ ਉਮਰ ਪੂਰਨ ਗੁਰ ਮਰਿਯਾਦਾ ਅਨੁਸਾਰ ਜੀਵਨ ਬਤੀਤ ਕੀਤਾ। ਸੰਤ ਜੀ ਹਰ ਸਮੇਂ ਭਜਨ ਕਰਦੇ, ਗੁਰੂ ਜੀ ਦੇ ਉਪਕਾਰਾਂ ਦੀਆਂ ਸਾਖੀਆਂ ਸੰਗਤ ਨੂੰ ਸੁਨਾਉਣ ਦੀ ਕ੍ਰਿਪਾ ਕਰਦੇ। ਸ੍ਰੀ ਭੈਣੀ ਸਾਹਿਬ ਹਰ ਸਾਲ ਜੱਪ-ਪ੍ਰਯੋਗ ਵਿਚ ਹਾਜ਼ਰ ਰਹਿੰਦੇ। ਉਹਨਾਂ ਦੀ ਜੀਵ ਆਤਮਾ ਦੇ ਭਲੇ ਲਈ ਸੰਤ ਜੀ ਦੇ ਪ੍ਰਵਾਰ ਵਲੋਂ ਸ਼ਹੀਦੀ ਸਮਾਰਕ ਮਲੇਰ ਕੋਟਲੇ ਵਿਖੇ 19 ਅਗਸਤ 2018 ਦਿਨ ਐਤਵਾਰ ਨੂੰ ਸੰਤਾਂ ਨਮਿਤ ਮੇਲਾ ਕੀਤਾ।

ਦੁਪਹਿਰ ਨੂੰ ਕਵੀਸ਼ਰ ਗੁਰਸੇਵਕ ਸਿੰਘ, ਜਥੇਦਾਰ ਹਰਪਾਲ ਸਿੰਘ ਜੀ ਨੇ ਸੰਤ ਜੀ ਦੇ ਜੀਵਨ ਬਾਰੇ ਪ੍ਰਭਾਵਸ਼ਾਲੀ ਦੀਵਾਨ ਸਜਾਏ। ਇਸ ਸਮੇਂ ਸਾਧ ਸੰਗਤ ਦਾ ਮਹਾਨ ਇਕੱਠ ਸੀ। ਇਸ ਸਮੇਂ ਵੱਖ-ਵੱਖ ਧਾਰਮਿਕ ਤੇ ਰਾਜਨਿਤਕ ਸੱਜਣਾਂ

ਨੇ ਸੰਤ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਹਨਾਂ ਦੇ ਜੀਵਨ ਬਾਰੇ ਜ਼ਿਕਰ ਕੀਤਾ। ਇਹਨਾਂ ਸੱਜਣਾਂ ਦੇ ਨਾਮ:-

1)ਸ: ਜੈਪਾਲ ਸਿੰਘ ਮੰਡੀਆਂ (ਚੇਅਰਮੈਨ) 2) ਸ: ਭੁਪਿੰਦਰ ਸਿੰਘ ਭਲਵਾਨ (ਮੈਂਬਰ ਸ਼੍ਰੋਮਣੀ ਗੁਰਦੁਆਰਾ ਕਮੇਟੀ) 3) ਸ: ਇਕਬਾਲ ਸਿੰਘ ਧੂੰਦਾਂ (ਐਕਸ ਐਮ: ਐਲ: ਏ:) ਪ੍ਰਧਾਨ ਅਕਾਲੀ ਦਲ ਜਿਲਾਂ ਸੰਗਰੂਰ 4) ਸ: ਗੁਰਦੇਵ ਸਿੰਘ ਮੈਨੇਜਰ 5) ਜਥੇਦਾਰ ਸੁਖਚੈਨ ਸਿੰਘ ਭੰਗੂਰ 6) ਸੂਬਾ ਨਿਰੰਜਨ ਸਿੰਘ ਟਟਮਕੌਡੀ। ਯਾਦ ਰਹੇ ਸੰਤ ਹਰਦਿਆਲ ਸਿੰਘ ਜੀ ਸ੍ਰੀ ਸਤਿਗੁਰੂ ਜੀ ਦੇ ਸਤਿਕਾਰਤ ਸੂਬਾ ਬਲਵਿੰਦਰ ਸਿੰਘ ਜੀ ਦੇ ਚਾਚਾ ਜੀ ਸਨ। ਇਸ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਨੇ ਨਿਸ਼ਕਾਮ ਸੇਵਕ ਜਥੇਦਾਰ ਸਵਰਨ ਸਿੰਘ ਜੀ ਦੇ ਸਮੂਹ ਪ੍ਰਵਾਰ ਵੱਲੋਂ ਜਥੇਦਾਰ ਜੀ ਨਮਿਤ ਪਾਠ ਦਾ ਭੋਗ ਪੁਆਕੇ ਮੇਲ ਵੀ ਕੀਤਾ ਗਿਆ। ਜਥੇਦਾਰ ਜੀ ਬਹੁਤ ਸਮਾਂ ਸ੍ਰੀ ਭੈਣੀ ਸਾਹਿਬ ਦੇ ਮੁਖ ਪ੍ਰਬੰਧਕ ਰਹੇ। ਸ੍ਰੀ ਸਤਿਗੁਰੂ ਜੀ ਦੀ ਖੁਸ਼ੀਆਂ ਦਾ ਪਾਤਰ ਰਹੇ। ਇਸ ਮੇਲੇ ਸਮੇਂ ਦੋ ਪਾਠਾਂ ਦੇ ਭੋਗ ਪਾਏ ਗਏ। ਇੱਕ ਪਾਠ ਸੰਤ ਹਰਦਿਆਲ ਸਿੰਘ ਜੀ ਦੀ ਜੀਵ ਆਤਮਾ ਦੇ ਭਲੇ ਲਈ, ਇੱਕ ਪਾਠ ਜਥੇਦਾਰ ਸਵਰਨ ਸਿੰਘ ਜੀ ਦੀ ਯਾਦ ਵਿਚ ਸਲਾਨਾ ਭੋਗ ਸਮੇਂ।

ਗੁਰੂ ਕਾ ਲੰਗਰ ਅਤੁੱਟ ਚਲਦਾ ਰਿਹਾ। ਸਟੇਜ਼ ਸਕੱਤਰ ਦੀ ਸੇਵਾ ਸੂਬਾ ਨਿਰੰਜਨ ਸਿੰਘ ਜੀ ਟਮਕੌਡੀ ਵਾਲਿਆਂ ਸੁੱਚਜੇ ਢੰਗ ਨਾਲ ਨਿਭਾਈ। ਆਈ ਸਮੂਹ ਸਾਧ-ਸੰਗਤ ਦਾ ਸੂਬਾ ਬਲਵਿੰਦਰ ਸਿੰਘ ਜੀ ਝੱਲਾਂ ਵਾਲਿਆਂ ਨੇ ਦੋਹਾਂ ਪ੍ਰਵਾਰਾਂ ਵਲੋਂ ਧੰਨਵਾਦ ਕੀਤਾ। ਮਹੰਤ ਸੰਤੋਖ ਸਿੰਘ ਜੀ ਸਮੂਹ ਪ੍ਰਵਾਰ ਨੇ ਸਾਧ ਸੰਗਤ ਦੀ ਸੇਵਾ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ।

- **ਜਗਮੋਹਨ ਸਿੰਘ ਟਮਕੌਡੀ**

---

## ਪਿੰਡ ਘਿਓਰਾ (ਪਟਿਆਲਾ) ਵਿਖੇ ਮੇਲਾ

ਮਿਤੀ 2-9-2018 ਨੂੰ ਪਿੰਡ ਘਿਓਰਾ (ਪਟਿਆਲਾ) ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਇਲਾਕੇ ਦੇ ਮੁੱਖ ਪ੍ਰਬੰਧਕ ਸੂਬਾ ਤਰਨਜੀਤ ਸਿੰਘ ਸਮੇਤ ਪਰਿਵਾਰ ਅਤੇ ਪਿੰਡ ਦੀ ਸੰਗਤ ਅਤੇ ਇਲਾਕੇ ਦੇ ਸਹਿਯੋਗ ਨਾਲ ਨਾਮ-ਸਿਮਰਨ ਅਤੇ ਦੀਵਾਨ ਦਾ ਸਮਾਗਮ ਅਯੋਜਿਤ ਕੀਤਾ ਗਿਆ। ਸਮਾਗਮ ਵਿੱਚ ਨਾਮ-ਸਿਮਰਨ ਦੇ ਨਾਲ ਸੂਬਾ ਸੰਦੀਪ ਸਿੰਘ ਜੀ ਦੇ ਜਥੇ ਦੁਆਰਾ ਹੱਲੇ ਦਾ ਦੀਵਾਨ ਸਜਾਇਆ ਗਿਆ। ਸ੍ਰੀ ਸਤਿਗੁਰੂ ਜੀ ਨੂੰ ਬੰਦਨਾਂ ਕਰਕੇ ਪਾਵਨ ਗੁਰਬਾਣੀ ਦੀ ਪੰਕਤੀ ਵਿਚੋਂ:-

"ਪਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ।<br>
ਹਉ ਤੁਮਰੀ ਕਰਉ ਨਿਤ ਆਸ<br>
ਪ੍ਰਭ ਮੋਹਿ ਕਬ ਗਲਿ ਲਾਵਹਿਗੇ.."॥ (ਕਲਿਆਣ ਮਹੱਲਾ 3)

ਗਾਇਨ ਕਰਕੇ ਇਸ ਪ੍ਰੋਗਰਾਮ ਦੀ ਆਰੰਭਤਾ ਕੀਤੀ। ਇਸ ਤੋਂ ਬਾਅਦ ਸਤਿਗੁਰੂ ਸਾਹਿਬਾਨ ਦੀ ਉਸਤਤਿ ਅਤੇ ਗੁਰ ਸਿੱਖ-ਸਵੇਕਾਂ ਦੀ ਸੇਵਾ-ਸਿਮਰਨ ਵਿਚ ਲੀਨਤਾ ਦੀ ਮਹਿਮਾ, ਵਿਸਥਾਰ ਪੂਰਵਕ ਸ੍ਰਵਣ ਕਰਵਾਈ। ਵੈਰਾਗ ਭਰੀ ਧਾਰਨਾਂ ਸੂਬਾ ਜੀ ਨੇ ਗਾਇਨ ਕਰਕੇ ਪ੍ਰਯੋਗਾਂ ਦੀ ਅਰਦਾਸ ਕਰਕੇ ਸਮਾਪਤੀ ਕੀਤੀ।

ਉਪਰੰਤ ਸੂਬਾ ਬਲਵਿੰਦਰ ਸਿੰਘ ਜੀ ਨੇ ਪਿੰਡ ਵਾਸੀਆਂ ਨੂੰ ਮੁਬਾਰਕ-ਬਾਦ ਦਿੰਦੇ ਹੋਏ ਕਿਹਾ ਕਿ ਸਤਿਗੁਰੂ ਜੀ ਦੀ ਕਿਰਪਾ ਦੁਆਰਾ 'ਨਾਮਧਾਰੀ ਧਰਮਸ਼ਾਲਾ' ਨਾਮ-ਸਿਮਰਨ, ਸਤਿ ਸੰਗਤ ਲਈ ਬਣਾਈ ਗਈ ਹੈ।

ਪ੍ਰਯੋਗ ਵਿਚ ਸੰਤ ਰਤਨ ਸਿੰਘ ਚੀਮਾ ਪ੍ਰਧਾਨ ਸਮਾਣਾ, ਮਹਿੰਦਰ ਸਿੰਘ ਦੌਲਤਪੁਰ, ਗੁਰਦੇਵ ਸਿੰਘ ਸਰਪੰਚ ਜਾਲਖੇੜੀ, ਸੂਬਾ ਸਵਿੰਦਰ ਸਿੰਘ ਡੇਰਾ ਜੀਰਮੀਰਾਂ, ਮਲੇਰਕੋਟਲੇ ਤੋਂ ਸਰਪੰਚ ਸਰਬਜੀਤ ਸਿੰਘ, ਕੁਲਵਿੰਦਰ ਸਿੰਘ ਮੌਜੂਖੇੜਾ, ਸੰਤ ਸੁਖਦੇਵ ਸਿੰਘ ਘੜਾਮ, ਸਤਿਗੁਰੂ ਜੀ ਦੇ ਹਜ਼ੂਰੀ ਲਾਂਗਰੀ ਸੇਵਕ ਸ੍ਰੀ ਮਾਨ ਸੰਤ ਦਰਸ਼ਨ ਸਿੰਘ ਜੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਐਸ: ਡੀ: ਐਮ: ਸ੍ਰ: ਮਨਜੀਤ ਸਿੰਘ ਚੀਮਾਂ, ਕਰਨਲ ਗੁਰਪ੍ਰੀਤ ਸਿੰਘ ਚੀਮਾਂ, ਚਰਨਜੀਤ ਸਿੰਘ ਚੀਮਾਂ ਪਟਿਆਲਾ ਤੋਂ, ਸ੍ਰ: ਬੂਟਾ ਸਿੰਘ, ਜਸਵਿੰਦਰ ਸਿੰਘ ਝਬਾਲ, ਗੁਰਦੇਵ ਸਿੰਘ ਚੀਮਾਂ ਵਿਸ਼ੇਸ਼ ਤੌਰ ਤੇ ਕੀਤੀ। ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

**ਜਸਬੀਰ ਸਿੰਘ ਸਿੱਧੂ**

**ਸਤਿਜੁਗ ਆਪ ਪੜ੍ਹੋ ਅਤੇ ਬੱਚਿਆਂ ਨੂੰ ਵੀ ਪੜ੍ਹਾਓ।**

# ਜਪ ਪ੍ਰਯੋਗ 2018

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਨਾਲ ਜਪ - ਪ੍ਰਯੋਗ 2018, ਮਿਤੀ 17 ਸਤੰਬਰ 2018 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਰੰਭ ਹੋਇਆ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਹ ਜਪ-ਪ੍ਰਯੋਗ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਬੜੀ ਸ਼ਰਧਾ ਅਤੇ ਪਿਆਰ ਦੇ ਨਾਲ ਸੰਪੂਰਣ ਕੀਤਾ ਗਿਆ। ਇਸ ਜਪ - ਪ੍ਰਯੋਗ ਵਿਚ ਬੱਚੇ-ਬੱਚੀਆਂ, ਬਜ਼ੁਰਗਾਂ, ਨੌਜਵਾਨਾਂ ਅਤੇ ਬੀਬੀਆਂ ਨੇ ਬੜੇ ਉਤਸ਼ਾਹ ਨਾਲ ਵੱਧ ਚੱੜ ਕੇ ਨਾਮ ਸਿਮਰਨ ਕੀਤਾ। **ਮਿਲੀ ਜਾਣਕਾਰੀ ਅਨੁਸਾਰਾ ਵਿਸ਼ਵ ਭਰ ਵਿਚ ਤਕਰੀਬਨ 100 ਸਥਾਨਾਂ ਤੇ ਇਕੱਠ ਵਿਚ ਜਪ - ਪ੍ਰਯੋਗ ਕੀਤਾ ਗਿਆ।** ਪ੍ਰਾਪਤ ਜਾਣਕਾਰੀ ਮੁਤਾਬਕ **ਪ੍ਰਤੀ ਦਿਨ ਤਕਰੀਬਨ 12,333 ਸਰੀਰਾਂ** ਨੇ ਨਾਮ ਸਿਮਰਨ ਕੀਤਾ, ਔਸਤ 1½ ਘੰਟੇ ਦੇ ਹਿਸਾਬ ਨਾਲ **18 ਹਜ਼ਾਰ ਘੰਟੇ ਰੋਜ਼ਾਨਾ** ਨਾਮ ਸਿਮਰਨ ਹੋਇਆ, **ਜਿਸਦੇ ਮੁਤਾਬਕ ਪੂਰੇ 1 ਮਹੀਨੇ (30 ਦਿਨ) ਵਿਚ ਤਕਰੀਬਨ 5 ਲੱਖ 54 ਹਜ਼ਾਰ ਘੰਟੇ ਨਾਮ ਸਿਮਰਨ ਹੋਇਆ।** ਇਹ ਸਭ ਕੁਝ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਹੋਇਆ ਹੈ । ਸ੍ਰੀ ਸਤਿਗੁਰੂ ਜੀ ਬਖਸ਼ਿਸ਼ ਕਰਨ ਸਾਰੀ ਸਾਧ ਸੰਗਤ ਨੂੰ ਹੋਰ ਨਾਮ ਸਿਮਰਨ ਕਰਨ ਦਾ ਬੱਲ ਬਖਸ਼ਣ ।

| ਇਲਾਕਾ | ਘੰਟੇ (ਸਿਰਫ ਸਵੇਰ ਦੇ) | ਦਿਨ | ਔਸਤ ਗਿਣਤੀ | ਵਧੇਰੇ ਜਾਣਕਾਰੀ |
|---|---|---|---|---|
| ਸ੍ਰੀ ਭੈਣੀ ਸਾਹਿਬ(ਜ਼ਿਲ੍ਹਾ ਲੁਧਿਆਣਾ) | 4 | 27 | 2000 | ਚਾਰ ਘੰਟੇ ਦੁਪਿਹਰ |
| ਪਿੰਡ ਸੰਤ ਨਗਰ(ਜ਼ਿਲ੍ਹਾ ਸਿਰਸਾ) | 2 | 36 | 1000 | |
| ਪਿੰਡ ਰਾਣੀਆਂ(ਜ਼ਿਲ੍ਹਾ ਸਿਰਸਾ) | 2 | 35 | 750 | ਦੋ ਗੁਰਦੁਆਰਾ |
| ਸਸਰਾਲੀ ਕਲੌਨੀ(ਜ਼ਿਲ੍ਹਾ ਲੁਧਿਆਣਾ) | 2 | 26 | 725 | |
| ਰਮੇਸ਼ ਨਗਰ (ਦਿੱਲੀ) | 2 | 33 | 675 | |
| ਜ਼ਿਲ੍ਹਾ ਲੁਧਿਆਣਾ | 2 | 41 | 582 | |
| ਜ਼ਿਲ੍ਹਾ ਬੈਂਕੋਕ (ਥਾਈਲੈਂਡ) | 1 | 30 | 400 | |
| ਪਿੰਡ ਐਲਨਾਬਾਦ(ਜ਼ਿਲ੍ਹਾ ਸਿਰਸਾ) | 2 | 57 | 352 | |
| ਜ਼ਿਲ੍ਹਾ ਸਿਰਸਾ | 2 | 35 | 300 | |
| ਸਾਹਿਬਪੁਰਾ(ਦਿੱਲੀ) | 2 | 33 | 270 | |
| ਜ਼ਿਲ੍ਹਾ ਅੰਮ੍ਰਿਤਸਰ | 2 | 40 | 182 | |
| ਸ੍ਰੀ ਜੀਵਨ ਨਗਰ(ਜ਼ਿਲ੍ਹਾ ਸਿਰਸਾ) | 1.5 | 36 | 174 | |
| ਹਿੰਮਤਪੁਰਾ | 1 | 30 | 170 | |
| ਪਿੰਡ ਭੰਬੂਰ (ਜ਼ਿਲ੍ਹਾ ਸਿਰਸਾ) | 2 | | 160 | |
| ਪਿੰਡ ਕਰੀਵਾਲਾ(ਜ਼ਿਲ੍ਹਾ ਸਿਰਸਾ) | 1.5 | 33 | 155 | |
| ਅਮਰਾਸਰ ਕਲਾਂ(ਜ਼ਿਲ੍ਹਾ ਸਿਰਸਾ) | 1.5 | 30 | 155 | |
| ਪਿੰਡ ਜਗਜੀਤ ਨਗਰ(ਜ਼ਿਲ੍ਹਾ ਸਿਰਸਾ) | 1.5 | 30 | 150 | |
| ਜ਼ਿਲ੍ਹਾ ਯਮੁਨਾਨਗਰ | 2 | 36 | 133 | |
| ਪਿੰਡ ਵਜੀਦਪੁਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) | 2.5 | 41 | 130 | |
| ਪਿੰਡ ਨਕੌੜਾ(ਜ਼ਿਲ੍ਹਾ ਸਿਰਸਾ) | 1 | | 125 | |
| ਜ਼ਿਲ੍ਹਾ ਫਤਿਹਾਬਾਦ | | | 105 | |
| ਜ਼ਿਲ੍ਹਾ ਬੰਗਲੌਰ | 2 | 34 | 105 | |
| ਰਾਏਸਰ(ਜ਼ਿਲ੍ਹਾ ਬਰਨਾਲਾ) | 1 | 39 | 100 | |
| ਪਿੰਡ ਦਮਦਮਾ (ਜ਼ਿਲ੍ਹਾ ਸਿਰਸਾ) | 3 | | 100 | 3 ਘੰਟੇ ਦੁਪਿਹਰ |
| ਵੈਨਕੂਵਰ (ਕਨੇਡਾ) | 1 | 29 | 100 | ਐਤਵਾਰ ਦੋ ਘੰਟੇ |

| | | | | |
|---|---|---|---|---|
| ਡਿਓਢੀ ਮੁੱਠਡਾ ਕਲਾਂ(ਜ਼ਿਲ੍ਹਾ ਜਲੰਧਰ) | 2 | 41 | 95 | |
| ਪ੍ਰੀਤ ਨਗਰ ਧਰਮਸ਼ਾਲਾ( ਜ਼ਿਲ੍ਹਾ ਜਲੰਧਰ) | 2 | 39 | 90 | |
| ਪਰਤਾਪ ਨਗਰ (ਜ਼ਿਲ੍ਹਾ ਸਿਰਸਾ) | 1.5 | 32 | 90 | |
| ਰਾਮਪੁਰਾ ਫੂਲ(ਜ਼ਿਲ੍ਹਾ ਬਠਿੰਡਾ) | 2 | 36 | 85 | |
| ਪਿੰਡ ਕੋਟਲੀ, (ਜ਼ਿਲ੍ਹਾ ਸਿਰਸਾ) | 2 | | 84 | 1 ਘੰਟਾ ਦੁਪਿਹਰ |
| ਚੱਕ ਕੂ ਕਿਆਂ ਦਾ (ਜ਼ਿਲ੍ਹਾ ਸੰਗਰੂਰ) | 2 | 36 | 75 | |
| ਬਰਮਿੰਗਮ | 2 | 29 | 75 | |
| ਸੈਦੋਕੇ(ਜ਼ਿਲ੍ਹਾ ਮੋਗਾ) | 1.5 | 30 | 75 | |
| ਚੰਡੀਗੜ੍ਹ | 2 | 24 | 75 | |
| ਰੋਪੜ | 2 | 29 | 72 | |
| ਜ਼ਿਲ੍ਹਾ ਚਿਅੰਗਮਈ (ਥਾਈਲੈਂਡ) | 1 | 30 | 70 | |
| ਪਿੰਡ ਮਿਰਜਾਪੁਰ(ਜ਼ਿਲ੍ਹਾ ਸਿਰਸਾ) | 2 | | 70 | |
| ਵਿਸ਼ਨੂੰ ਗਾਰਡਨ(ਦਿੱਲੀ) | 2 | 31 | 68 | |
| ਜੰਮੂ | 2 | 29 | 65 | |
| ਜ਼ਿਲ੍ਹਾ ਮੋਹਾਲੀ | 2 | 30 | 65 | |
| ਪਿੰਡ ਮੱਲੇਕਾਂ, (ਜ਼ਿਲ੍ਹਾ ਸਿਰਸਾ) | 1 | | 65 | |
| ਟਰਂਟੋ (ਕੈਨੇਡਾ) | 1 | 30 | 64 | |
| ਚੰਦਰ ਵਿਹਾਰ (ਦਿੱਲੀ) | 2 | 35 | 62 | |
| ਪਿੰਡ ਕੁੱਤਾਵੱਢ(ਜ਼ਿਲ੍ਹਾ ਸਿਰਸਾ) | 1 | 41 | 60 | |
| ਸਾਹਿਬਾਬਾਦ(ਜ਼ਿਲ੍ਹਾ ਗਾਜ਼ੀਆਬਾਦ ਯੂ.ਪੀ) | 1.5 | 30 | 60 | |
| ਪਿੰਡ ਕੱਕੜ(ਜ਼ਿਲ੍ਹਾ ਅੰਮ੍ਰਿਤਸਰ) | 2 | 28 | 60 | |
| ਅਮਰਾਸਰ ਖੁਰਦ(ਜ਼ਿਲ੍ਹਾ ਸਿਰਸਾ) | | | 60 | |
| ਪਿੰਡ ਤਲਵਾੜਾ ਖੁਰਦ(ਿ ਜ਼ਲ੍ਹਾ ਸਿਰਸਾ) | 1 | | 60 | 1 ਘੰਟਾ ਦੁਪਿਹਰ |
| ਨੀਊ ਯਾਰਕ (ਅਮਰੀਕਾ) | 1 | 29 | 57 | |
| ਬੀੜ ਗੁਰੂ ਕਾ (ਜ਼ਿਲ੍ਹਾ ਫਤਿਹਗੜ੍ਹ ਸਾਹਿਬ) | 2 | 30 | 55 | |
| ਸੁੰਦਰ ਨਗਰ(ਜ਼ਿਲ੍ਹਾ ਮੰਡੀ) | 2 | 55 | 55 | |
| ਪਿੰਡ ਨਵਾਂ ਮੌਜੂਖੇੜਾ(ਜ਼ਿਲ੍ਹਾ ਸਿਰਸਾ) | 2 | 26 | 55 | |
| ਸੈਂਟਰਲ ਟਾਊਨ ਧਰਮਸ਼ਾਲਾ(ਜ਼ਿਲ੍ਹਾ ਜਲੰਧਰ) | 1.5 | 29 | 53 | |
| ਜੌੜਕੀਆਂ(ਜ਼ਿਲ੍ਹਾ ਹਨੂੰਮਾਨਗੜ੍ਹ) | 2 | 31 | 53 | |
| ਜ਼ਿਲ੍ਹਾ ਮੰਡੀ | 2 | 27 | 50 | |
| | | | | |
| ਲੌਸ ਐਂਜਲਿਸ (ਅਮਰੀਕਾ) | 2 | 51 | 50 | ਸਿਰਫ ਐਤਵਾਰ, ਸ਼ਨੀਵਾਰ ਇੱਕਠ 'ਚ ਬਾਕੀ ਦਿਨ ਘਰੋ ਘਰੀਂ |
| ਮਾਨਸਾ | 1 | 29 | 50 | ਸਿਰਫ ਐਤਵਾਰ, ਇੱਕਠ 'ਚ ਬਾਕੀ ਦਿਨ ਘਰੋ ਘਰੀਂ |
| ਫਗਵਾੜਾ(ਜ਼ਿਲ੍ਹਾ ਕਪੂਰਥਲ) | 2 | 36 | 50 | |
| ਗੱਦਾਂਡੋਬ | 1.5 | 31 | 50 | |

| | | | | |
|---|---|---|---|---|
| ਖਰੜ (ਮੋਹਾਲੀ) | 1.5 | 28 | 45 | |
| ਪਿੰਡ ਮਸਤਾਨਗੜ੍ਹ(ਜ਼ਿਲ੍ਹਾ ਸਿਰਸਾ) | 2 | 30 | 45 | |
| ਪਿੰਡ ਹਾਰਨੀਆਂ ਖੁਰਦ (ਜਿਲ ਸਿਰਸਾ) | 2 | 31 | 40 | |
| ਈਸਟ ਲੰਡਨ | 2 | 35 | 40 | |
| ਮਨਸੂਰਵਾਲ ਕਲਾਂ(ਜ਼ਿਲ੍ਹਾ ਫਿਰੋਜ਼ਪੁਰ) | 2 | 30 | 40 | |
| ਕਪੂਰਥਲਾ ਸ਼ਹਿਰ | 1 | 31 | 38 | |
| ਆਇਰਲੈਂਡ | 1 | 35 | 36 | |
| ਪੱਦੀ ਖਾਲਸਾ(ਜ਼ਿਲ੍ਹਾ ਜਲੰਧਰ) | 2 | 34 | 35 | |
| ਪਿੰਡ ਬੁਢੀ ਮਾੜੀ (ਜ਼ਿਲ੍ਹਾ ਸਿਰਸਾ) | 1.5 | | 34 | |
| ਬਟਾਲਾ | 1.5 | 31 | 32 | |
| ਲਿਟਾਂ (ਜਿਲ ਕਪੂਰਥਲਾ) | 1.5 | 41 | 30 | |
| ਅਰੂਸ਼ਾ(ਤਨਜਾਨੀਆ) | 2 | 28 | 30 | |
| ਪਿੰਡ ਹਾਰਨੀਆਂ ਨਿੰਮ ਵਾਲੀ ਢਾਣੀ (ਜਿਲ ਸਿਰਸਾ) | 2 | 31 | 30 | |
| ਪਿੰਡ ਨਾਈਵਾਲਾ(ਜ਼ਿਲ੍ਹਾ ਸਿਰਸਾ) | 2 | | 30 | |
| ਫਜੂਪੁਰਾ, ਜਿਲ ਗੁਰਦਾਸਪੁਰਾ | 4 | 34 | 30 | |
| ਸਾਊਥਹਾਲ(ਲੰਡਨ) | 2 | 30 | 28 | |
| ਯਮੁਨਾਪਾਰ(ਦਿੱਲੀ) | 2 | 29 | 26 | |
| ਭਰਤੀਆ ਫਾਰਮ (ਜ਼ਿਲ੍ਹਾ ਲਖੀਮਪੁਰ ) | 1 | 31 | 25 | |
| ਜ਼ਿਲ੍ਹਾ ਫਤਿਹਗੜ੍ਹ ਸਾਹਿਬ | 2 | 31 | 25 | |
| ਕਰਤਾਰਪੁਰ(ਜ਼ਿਲ੍ਹਾ ਜਲੰਧਰ) | 1.5 | 39 | 25 | |
| ਜ਼ਿਲ੍ਹਾ ਬਰਨਾਲਾ | 1 | 29 | 25 | |
| ਹੈਦਰਾਬਾਦ | 1 | 31 | 25 | |
| ਪਿੰਡ ਹਾਰਨੀਆਂ ਕਲਾਂ (ਜਿਲ ਸਿਰਸਾ) | 2 | 31 | 25 | |
| ਲੈਸਟਰ | 2 | 29 | 21 | |
| ਸਰਾਏ ਖਾਸ (ਜ਼ਿਲ ਕਪੂਰਥਲਾ) | 2 | 41 | 20 | |
| ਪਿੰਡ ਪੁਰਾਣਾ ਮੌਜੂਖੇੜਾ(ਜ਼ਿਲ੍ਹਾ ਸਿਰਸਾ) | 1.25 | 40 | 19 | |
| ਜ਼ਿਲ੍ਹਾ ਫਾਜ਼ਿਲਕਾ | 1.5 | 30 | 17 | |
| ਡਾਲਟਨਗੰਜ (ਝਾਰਖੰਡ) | 1 | 30 | 17 | |
| ਭੋਲੱਥ (ਜ਼ਿਲ ਕਪੂਰਥਲਾ) | 1.5 | 40 | 15 | |
| ਬਸਤੀ ਹਾਜੀਵਾਲੀ(ਜ਼ਿਲ੍ਹਾ ਫਿਰੋਜ਼ਪੁਰ) | 2.5 | 24 | 15 | |
| ਬਾਜਪੁਰ (ਉੱਤਰਾਖੰਡ) | 2 | 31 | 12 | |
| ਬੋਪਾਰਾਏ ਗੋਰਾਇਆ (ਜ਼ਿਲ੍ਹਾ ਜਲੰਧਰ) | 2 | 32 | 12 | |
| ਲੀਡਸ, (ਇੰਗਲੈਂਡ) | 1 | 35 | 12 | |
| ਚੱਕ ਯਕੂਬ(ਜ਼ਿਲ੍ਹਾ ਗੁਰਦਾਸਪੁਰ) | 1 | 41 | 12 | |

| | | | | |
|---|---|---|---|---|
| ਪਿੰਡ ਖਿਆਲਾ(ਜ਼ਿਲ੍ਹਾ ਅੰਮ੍ਰਿਤਸਰ) | 2 | 28 | 11 | |
| ਜ਼ਿਲ੍ਹਾ ਤਰਨ ਤਾਰਨ | 2 | 30 | 10 | |
| ਪਿੰਡ ਬੰਗਾਲੀਪੁਰ (ਅੰਮ੍ਰਿਤਸਰ) | 2 | 29 | 10 | |
| ਅਯੂਬ ਸ਼ਹਿਰ(ਜ਼ਿਲ੍ਹਾ ਸਿਰਸਾ) | 1.5 | 30 | 10 | |
| ਜ਼ਿਲ੍ਹਾ ਹਿਸਾਰ | 2 | 32 | 10 | |
| ਸ਼ਹਿਜਾਦਾ, ਗੁਰਦਾਸ ਪੁਰ | 4 | 28 | 8 | |
| ਡੱਬਵਾਲੀ (ਜ਼ਿਲ੍ਹਾ ਸਿਰਸਾ) | 2.5 | 54 | 6 | |
| ਜ਼ਿਲ੍ਹਾ ਪਟਿਆਲਾ | 2 | 27 | 5 | |

## ਜਪ ਪ੍ਰਯੋਗ ਵਿਸ਼ਲੇਸ਼ਣ

(2016 ਮੁਤਾਬਕ, 2017 ਦਾ ਵੇਰਵਾ ਉਪਲਬਧ ਨਹੀਂ)

ੳ. ਇਸ ਸਾਲ ਤਕਰੀਬਨ 2000 ਸਰੀਰਾਂ ਦਾ ਜਪ ਪ੍ਰਯੋਗ ਵਿਚ ਵਾਧਾ ਹੋਇਆ।

ਬ. ਹੇਠ ਲਿਖੇ ਇਲਾਕਿਆਂ 'ਚ ਸਾਧ ਸੰਗਤ ਦਾ ਜਿਕਰ ਯੋਗ ਵਾਧਾ ਹੋਇਆ:-

- ਜ਼ਿਲ੍ਹਾ ਅੰਮ੍ਰਿਤਸਰ (ਪਹਿਲਾਂ 90, ਹੁਣ 180 ਔਸਤ)
- ਜ਼ਿਲ੍ਹਾ ਲੁਧਿਆਣਾ (ਪਹਿਲਾਂ 380, ਹੁਣ 580 ਔਸਤ)
- ਰਮੇਸ਼ ਨਗਰ (ਦਿੱਲੀ) (ਪਹਿਲਾਂ 450, ਹੁਣ 675 ਔਸਤ)
- ਰੋਪੜ (ਪਹਿਲਾਂ 30, ਹੁਣ 70 ਔਸਤ)
- ਪਿੰਡ ਸੰਤ ਨਗਰ (ਪਹਿਲਾਂ 745, ਹੁਣ 1000 ਔਸਤ)

- ਸ੍ਰੀ ਭੈਣੀ ਸਾਹਿਬ (ਪਹਿਲਾਂ 1500, ਹੁਣ 2000 ਔਸਤ)
- ਅਮਰਾਸਰ ਕਲਾਂ, ਸਿਰਸਾ)(ਪਹਿਲਾਂ 80, ਹੁਣ 155 ਔਸਤ)
- ਅਰੂਸ਼ਾ,ਤਨਜਾਨੀਆ (ਪਹਿਲਾਂ 8, ਹੁਣ 30 ਔਸਤ)
- ਪਿੰਡ ਭੰਬੂਰ (ਜ਼ਿਲ੍ਹਾ ਸਿਰਸਾ) (ਪਹਿਲਾਂ 98, ਹੁਣ 160 ਔਸਤ)
- ਪਿੰਡ ਐਲਨਾਬਾਦ(ਸਿਰਸਾ) (ਪਹਿਲਾਂ 230, ਹੁਣ 350 ਔਸਤ)
- ਜ਼ਿਲ੍ਹਾ ਫਤਿਹਾਬਾਦ (ਪਹਿਲਾਂ 65, ਹੁਣ 105 ਔਸਤ)
- ਪਿੰਡ ਮਸਤਾਨਗੜ੍ਹ (ਪਹਿਲਾਂ 12, ਹੁਣ 45 ਔਸਤ)
- ਪਿੰਡ ਮਿਰਜਾਪੁਰ (ਪਹਿਲਾਂ 35, ਹੁਣ 70 ਔਸਤ)
- ਸਸਰਾਲੀ ਕਲੋਨੀ (ਪਹਿਲਾਂ 325, ਹੁਣ 725 ਔਸਤ)
- ਸ੍ਰੀ ਜੀਵਨ ਨਗਰ (ਪਹਿਲਾਂ 80, ਹੁਣ 170 ਔਸਤ)

ਚ. ਸਭ ਤੋਂ ਲੰਮਾ ਪ੍ਰਯੋਗ ਐਲਨਾਬਾਦ ਵਿਖੇ ਕੀਤਾ ਗਿਆ, (57 ਦਿਨਾਂ ਦਾ)।

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਸਲਾਨਾ ਜਪ ਪ੍ਰਯੋਗ ਅਤੇ ਅੱਸੂ ਦਾ ਮੇਲਾ

ਸੇਵਾ- ਸਿਮਰਨ -ਕੀਰਤਨ-ਕਥਾ- ਹੱਲੇ ਦੇ ਦੀਵਾਨ -ਕਵੀਸ਼ਰੀ- ਕਵੀ ਦਰਬਾਰ - ਬੱਚਿਆਂ ਦੇ ਦੀਵਾਨ - ਰਾਜਨੀਤਕ ਤੇ ਸਮਾਜਿਕ ਸ਼ਖਸੀਅਤ ਦੀ ਸ਼ਮੂਲੀਅਤ - ਮਾਣ-ਸਨਮਾਨ - ਸਾਹਿਤ ਪੁਰਸਕਾਰ - ਅਨੰਦ ਕਾਰਜ - ਪੁਸਤਕਾਂ ਰੀਲੀਜ਼ - ਵਿਸ਼ਵ ਨਾਮਧਾਰੀ ਵਿਦਿਅਕ ਜਥੇ ਵਲੋਂ ਚਿੱਤਰ ਪ੍ਰਦਰਸ਼ਨੀ ਅਤੇ ਵਿਸ਼ੇਸ਼ ਇਕੱਤਰਤਾ - ਨਾਮਧਾਰੀ ਦਰਬਾਰ ਦੀ ਮੀਟਿੰਗ - ਸ੍ਰੀ ਸਤਿਗੁਰੂ ਜੀ ਦੇ ਪਾਵਨ ਦਰਸ਼ਨ -ਕਿਆਣਕਾਰੀ ਉਪਦੇਸ਼ ਅਤੇ ਸੰਗਤ ਨੂੰ ਖੁਸ਼ੀਆਂ :-

**ਸ੍ਰੀ ਭੈਣੀ ਸਾਹਿਬ** :- ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ 114 ਵਾਂ ਸਾਲਾਨਾ ਨਾਮ ਸਿਮਰਨ ਜਪ ਪ੍ਰਯੋਗ ਮਿਤੀ 17 ਸਤੰਬਰ 2018 ਈ: ਨੂੰ ਆਰੰਭ ਹੋਇਆ ਜਿਸ ਦੀ ਸਮਾਪਤੀ 13-10-18 ਨੂੰ ਕੀਤੀ ਗਈ।ਸਭ ਤੋਂ ਪਹਿਲਾਂ ਇਸ ਧਰਤੀ ਤੋਂ ਹੀ ਦੇਸ ਦੀ ਆਜ਼ਾਦੀ ਦਾ ਨਾਅਰਾ ਬੁਲੰਦ ਹੋਇਆ ਸੀ।ਅਨੇਕਾਂ ਔਕੜਾਂ ਦੇ ਬਾਵਜੂਦ ਵੀ ਸਤਿਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਜ਼ਾਦੀ ਦੀ ਜਵਾਲਾ ਨੂੰ ਪ੍ਰਜਵਲਿਤ ਰੱਖਿਆ।ਇਹ ਧਰਤੀ ਸਦਾ ਹੀ ਗੁਰੂ ਨਾਨਕ ਦਾ ਸੰਦੇਸ਼ ਦੁਨੀਆਂ ਵਿੱਚ ਵੰਡਦੀ ਰਹੀ।

**ਜਪ ਪ੍ਰਯੋਗ** :- ਜਪ ਪ੍ਰਯੋਗ ਦੀ ਆਰੰਭਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1907 ਈ: ਵਿਚ ਕੀਤੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 53 ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 55 ਜਪ ਪ੍ਰਯੋਗ ਕੀਤੇ। ਹਾਜਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਸਰਪਰਤੀ ਹੇਠ ਇਹ ਛੇਵਾਂ ਜਪ ਪ੍ਰਯੋਗ ਹੈ। ਜਪ ਪ੍ਰਯੋਗ ਵਿਚ ਭਾਗ ਲੈਣ ਵਾਲੇ ਜਗਿਆਸੂ ਆਪਣੇ ਸਰੀਰ ਨੂੰ ਸੰਜਮ ਸਾਦਗੀ ਵਿਚ ਰੱਖ ਦਿਨ-ਰਾਤ ਦੇ 24 ਘੰਟਿਆਂ ਵਿਚੋਂ ਜਿਆਦਾ ਸਮਾਂ ਨਾਮ ਜਪਣ, ਬਾਣੀ ਪੜ੍ਹਨ ਅਤੇ ਕਥਾ ਕੀਰਤਨ ਸੁਣਨ ਵਿਚ ਬਤੀਤ ਕਰਦੇ ਹਨ।

**ਜਪ ਪ੍ਰਯੋਗ ਦੀ ਗਿਣਤੀ** :- ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਹ ਜਪ ਪ੍ਰਯੋਗ ਸ੍ਰੀ ਭੈਣੀ ਸਾਹਿਬ ਤੋਂ ਇਲਾਵਾ - ਪਿੰਡਾਂ, ਸ਼ਹਿਰਾਂ, ਵਿਦੇਸ਼ਾਂ ਵਿਚ ਵੀ ਕੀਤਾ ਗਿਆ।ਲਗਭਗ 100 ਸਥਾਨਾਂ ਤੇ 12333 ਸਰੀਰਾਂ ਨੇ ਜਪ ਪ੍ਰਯੋਗ ਵਿਚ ਹਿੱਸਾ ਲਿਆ।ਔਸਤਨ ਡੇਢ ਘੰਟੇ ਦੇ ਹਿਸਾਬ ਨਾਲ ਪੂਰੇ 30 ਦਿਨਾਂ ਵਿਚ 5 ਲੱਖ 54 ਹਜਾਰ ਘੰਟੇ ਨਾਮ ਸਿਮਰਨ ਹੋਇਆ। ਇਕੱਲੇ ਸ੍ਰੀ ਭੈਣੀ ਸਾਹਿਬ ਵਿਚ 2 ਲੱਖ 88 ਹਜ਼ਾਰ ਘੰਟੇ ਨਾਮ ਸਿਮਰਨ ਕਰਕੇ ਸਾਧ ਸੰਗਤ ਨੇ ਖੁਸ਼ੀਆਂ ਲਈਆਂ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਕਿਰਪਾ ਸਦਕਾ ਨਾਮ ਸਿਮਰਨ ਵਿਚ ਰਿਕਾਰਡ ਤੋੜ ਵਾਧਾ ਹੋਇਆ ਹੈ।

**ਜਪ ਪ੍ਰਯੋਗ ਦੀ ਸਮਾਪਤੀ -13-10-18** :- ਸਤੰਬਰ 17 ਨੂੰ ਆਰੰਭ ਹੋਏ ਜਪ ਪ੍ਰਯੋਗ ਦੀ ਸਮਾਪਤੀ 13-10-18 ਨੂੰ ਠੀਕ 4 ਵਜੇ ਕੀਤੀ ਗਈ। ਇਸ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਉਨ੍ਹਾਂ ਦੀ ਹਜ਼ੂਰੀ ਵਿਚ ਸਮਾਪਤੀ ਦੀ ਅਰਦਾਸ ਹੋਈ ਤੇ ਅਗਲੇ ਸਾਲ ਦਾ ਸਾਲਾਨਾ ਜਪ ਪ੍ਰਯੋਗ ਦੀ ਆਰੰਭਤਾ ਵੀ ਨਾਲ ਹੀ ਕੀਤੀ ਗਈ। ਸ੍ਰੀ ਸਤਿਗੁਰੂ ਜੀ ਦੇ ਜਪ ਪ੍ਰਯੋਗ ਦੀ ਸਮਾਪਤੀ ਦੀ ਅਰਦਾਸ 3:20 ਮਿੰਟ ਤੇ ਕੋਠੀ ਵਿਚ ਕੀਤੀ ਗਈ।

**ਆਸਾ ਦੀ ਵਾਰ ਦਾ ਕੀਰਤਨ** :- ਹਜ਼ੂਰੀ ਰਾਗੀ ਸਰਵਸ੍ਰੀ ਹਰਬੰਸ ਸਿੰਘ, ਹਰਵਿੰਦਰ ਸਿੰਘ, ਸ਼ਾਮ ਸਿੰਘ, ਸਰਮੁਖ ਸਿੰਘ, ਤੇ ਸਾਥੀ ਰਾਗੀ ਸਿੰਘਾਂ ਨੇ ਮਿਲ ਕੇ ਕੀਤਾ।

ਸੇਵਕ ਹਰਪਾਲ ਸਿੰਘ ਨੇ ਸਤਿਜੁਗ ਪਰਚੇ ਦੇ ਨਵੇਂ ਰੂਪ ਮੈਗਜ਼ੀਨ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ ਨਾਲ ਹੀ ਉਹਨਾਂ ਨੇ ਸਤਿਜੁਗ ਪਰਚੇ ਦੇ ਇਤਿਹਾਸ ਬਾਰੇ ਦਸਦੇ ਹੋਏ ਕਿਹਾ ਕਿ ਸਤਿਜੁਗ ਪਰਚੇ ਦੀ ਆਰੰਭਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1920 ਈ: ਵਿਚ ਕੀਤੀ। ਇਹ ਪਰਚਾ ਉਸ ਸਮੇਂ ਦੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਘਟਨਾਵਾ ਉਤੇ ਨਿਧੜਕ ਹੋ ਕੇ ਬੋਲਦਾ ਰਿਹਾ। ਇਸ ਦੀ ਬਾਗੀਆਨਾ ਨੁਹਾਰ ਵੇਖ ਕੇ ਅੰਗ੍ਰੇਜ਼ ਸਰਕਾਰ ਨੇ ਰੋਕ ਲਗਾਈ ਪਰ ਇਹ ਨਵੇਂ ਨਾਮ "ਕੂਕਾ" ਹੇਠ ਛਪਦਾ ਰਿਹਾ। ਹਰਪਾਲ ਸਿੰਘ ਹੁਰਾਂ ਸੰਗਤਾਂ ਨੂੰ ਕਿਹਾ ਕਿ ਜਿਨ੍ਹਾਂ ਘਰਾਂ ਵਿੱਚ ਸਤਿਜੁਗ ਦਾ ਪਰਚਾ ਅਜੇ ਨਹੀਂ ਪਹੁੰਚਦਾ ਉਹ ਪਰਚਾ ਲਵਾਉਣ, ਆਪ ਵੀ ਪੜ੍ਹਨ ਅਤੇ ਬੱਚਿਆਂ ਨੂੰ ਵੀ ਪੜ੍ਹਾਉਣ ਅਤੇ ਆਪਣੇ ਸ਼ੁਭ ਵਿਚਾਰ ਤੇ ਸਹਾਇਤਾ ਸਤਿਜੁਗ ਨੂੰ ਭੇਜਦੇ ਰਹਿਣ। ਹਰਿਆਣਾ ਪ੍ਰਦੇਸ ਕਾਂਗਰਸ ਕਮੇਟੀ ਦੇ ਪ੍ਰਧਾਨ ਅਸ਼ੋਕ ਤੰਵਰ ਜੀ ਨੇ ਵੀ ਆਪਣੀ ਹਾਜ਼ਰੀ ਲਵਾਈ।

ਅੱਜ ਦਿਨੇ ਸਵਾ ਨੌਂ ਤੋਂ ਪੌਣੇ ਦੋ ਵਜੇ ਤੱਕ ਇਨ੍ਹਾਂ ਪ੍ਰਚਾਰਕ ਸੱਜਣਾਂ ਨੇ ਹੱਲੇ ਦੇ ਦੀਵਾਨ ਅਤੇ ਕਥਾ ਕਰਕੇ ਸ਼ੁਰੂ

ਜੱਸ ਕੀਤਾ- ਜ: ਸਾਹਿਬ ਸਿੰਘ ਜੀ, ਜ: ਲਖਵਿੰਦਰ ਸਿੰਘ ਜੀ,ਜ: ਗੁਰਬਚਨ ਸਿੰਘ ਜੀ, ਜ: ਰਾਜਾ ਸਿੰਘ ਦਿੱਲੀ,ਜ: ਬਲਦੇਵ ਸਿੰਘ ਲੁਧਿਆਣਾ, ਜ: ਜਸਵੰਤ ਸਿੰਘ ਸ੍ਰੀ ਭੈਣੀ ਸਾਹਿਬ, ਕਥਾ ਜਸਵੰਤ ਸਿੰਘ ਮਸਤ ਸ੍ਰੀ ਭੈਣੀ ਸਾਹਿਬ, ਜ: ਬਲਵੀਰ ਸਿੰਘ ਸ੍ਰੀ ਭੈਣੀ ਸਾਹਿਬ , ਭਜਨ ਸਿੰਘ ਸ੍ਰੀ ਭੈਣੀ ਸਾਹਿਬ।

ਉਪਰੰਤ ਇੱਕ ਘੰਟਾ ਨਾਮ ਸਿਮਰਨ ਅਤੇ ਸ਼ਾਮ ਦਾ ਕੀਰਤਨ ਹੋਇਆ। ਹਜੂਰੀ ਰਾਗੀ ਬਲਵੰਤ ਸਿੰਘ, ਕਿਰਪਾਲ ਸਿੰਘ, ਈਸ਼ਰ ਸਿੰਘ, ਹਰਪ੍ਰੀਤ ਸਿੰਘ, ਸਰਮੁਖ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਮਿਲ ਕੇ ਕੀਰਤਨ ਕੀਤਾ।

**ਸ਼ਬਦ** :-

"ਸੁਣ ਯਾਰ ਹਮਾਰੇ ਸਜਣਾ, ਇਕ ਕਰਉ ਬੇਨੰਤੀਆ॥"

"ਗੁਰ ਸੰਤ ਜਨੋ ਪਿਆਰਾ ਮੈ ਮਿਲਿਆ, ਮੇਰੀ ਤ੍ਰਿਸਨਾ ਬੁਝ ਗਈ ਆਸੇ॥"

**ਰਾਤ ਦੇ ਦੀਵਾਨਾਂ ਦਾ ਵੇਰਵਾ :-**

ਕਾਕਾ ਧਿਆਨ ਸਿੰਘ ਲੁਧਿਆਣਾ, ਜ: ਮਨਮੋਹਨ ਸਿੰਘ ਯਮੁਨਾਨਗਰ, ਰਾਗੀ ਪਿਆਰਾ ਸਿੰਘ ਸ੍ਰੀ ਭੈਣੀ ਸਾਹਿਬ, ਕਾਕਾ ਗੁਰਮੀਤ ਸਿੰਘ ਫਗਵਾੜਾ, ਗੁਰਪ੍ਰੀਤ ਸਿੰਘ ਫਤਹਿ ਕਵੀਸ਼ਰੀ ਪ੍ਰਸੰਗ ਪੇਸ਼ ਕੀਤਾ।

**14-10-18 ਆਸਾ ਦੀ ਵਾਰ ਦਾ ਕੀਰਤਨ** :-

ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਤੋਂ ਪਹਿਲਾਂ ਠੀਕ ਸਾਢੇ ਤਿੰਨ ਵਜੇ ਜਪ ਪ੍ਰਯੋਗ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜੂਰੀ ਵਿਚ ਕੀਤੀ। ਅੱਜ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਰਾਗੀ ਬਲਵੰਤ ਸਿੰਘ, ਕਿਰਪਾਲ ਸਿੰਘ ਯੂ. ਕੇ., ਗੁਰਦਿੱਤ ਸਿੰਘ ਯੂ. ਕੇ., ਸੁਰਜੀਤ ਸਿੰਘ ਸਾਰੰਗੀ, ਹਰਪ੍ਰੀਤ ਸਿੰਘ, ਸਰਮੁਖ ਸਿੰਘ, ਹਰਵਿੰਦਰ ਸਿੰਘ ਨੇ ਕੀਤਾ। ਅੱਜ ਦਾ ਸਾਰਾ ਪ੍ਰੋਗਰਾਮ ਬਾਹਰ ਪੰਡਾਲ ਵਿਚ ਹੀ ਕੀਤਾ ਗਿਆ। ਸਾਰੀ ਸੰਗਤ ਇਸ਼ਨਾਨ ਪਾਣੀ ਕਰਕੇ ਕਤਾਰਾਂ ਵਿਚ ਆਕੇ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਨਾਮ ਦਾ ਜਾਪ ਕਰ ਰਹੀ ਸੀ। ਸ੍ਰੀ ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਪਾਠ ਕੀਤਾ। ਆਸਾ ਦੀ ਵਾਰ ਦੀ ਸਮਾਪਤੀ ਦੀ ਅਰਦਾਸ ਉਪਰੰਤ ਸੇਵਕ ਹਰਪਾਲ ਸਿੰਘ ਨੇ ਸ.ਮੁਖਤਿਆਰ ਸਿੰਘ ਜ਼ਫਰ ਜੀ ਬਾਰੇ ਸੰਗਤਾਂ ਨੂੰ ਸੰਖੇਪ ਜਾਣਕਾਰੀ ਦਿੱਤੀ ਅਤੇ ਜ਼ਫਰ ਜੀ ਨੂੰ ਮੰਚ ਤੇ ਸੰਗਤਾਂ ਨਾਲ ਕੁਝ ਸ਼ਬਦ ਸਾਂਝੇ ਕਰਨ ਲਈ ਕਿਹਾ।

**ਸ: ਮੁਖਤਿਆਰ ਸਿੰਘ ਜ਼ਫਰ** :- (ਜਿਨ੍ਹਾਂ ਨੇ ਢਾਡੀ ਦੀਆਂ ਵਾਰਾਂ ਦੀ ਪੁਸਤਕ 'ਆਜ਼ਾਦੀ ਦੇ ਪ੍ਰਵਾਨੇ' ਲਿਖੀ ਹੈ। ਉਹਨਾਂ ਨੇ ਪਹਿਲਾ ਪ੍ਰਸੰਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਲਿਖਿਆ ਹੈ। ਉਹਨਾਂ ਨੇ ਸਿੱਖੀ ਦਾ ਪ੍ਰਚਾਰ ਕੀਤਾ।) ਜ਼ਫਰ ਜੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀਆਂ ਸ਼ਾਖਾਵਾਂ ਸਾਰੇ ਸੰਸਾਰ ਵਿਚ ਫੈਲੀਆਂ ਹਨ। ਅਤੇ ਸਿਖੀ ਦਾ ਪ੍ਰਚਾਰ ਕਰ ਰਹੀਆਂ ਹਨ।ਅਸੀਂ ਇਕ ਗੁਰੂ ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਹਾਂ। ਸਾਨੂੰ ਗੁਰੂ ਦੇ ਚਰਨਾਂ ਚੋਂ ਚੁੰਬਕੀ ਸ਼ਕਤੀ ਪ੍ਰਾਪਤ ਕਰਨੀ ਚਾਹੀਦੀ ਹੈ। ਮੈ ਸਤਿਗੁਰੂ ਰਾਮ ਸਿੰਘ ਜੀ ਤੇ ਸਮੂਹ ਸੰਗਤਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਦਰਸ਼ਨ ਕਰਨ ਦਾ ਸਮਾਂ ਦਿੱਤਾ ਹੈ। ਸ੍ਰੀ ਸਤਿਗੁਰੂ ਜੀ ਨੇ ਜ਼ਫਰ ਜੀ ਨੂੰ ਸਿਰੋਪਾ ਦੇ ਕੇ ਨਿਵਾਜਿਆ।

**ਦਿਨ ਦੇ ਦੀਵਾਨਾਂ ਵਿਚ ਸਰਵਸ੍ਰੀ :-**

ਕੁਲਦੀਪ ਸਿੰਘ ਦਾਤੇਵਾਲ, ਸਵਰਨ ਸਿੰਘ ਦਿੱਲੀ, ਤਰਨ ਸਿੰਘ ਕਵੀਸ਼ਰ, ਜ: ਪਾਲਾ ਸਿੰਘ ਸ੍ਰੀ ਭੈਣੀ ਸਾਹਿਬ, ਸੂਬਾ ਨਿਰੰਜਨ ਸਿੰਘ ਟਮਕੌਦੀ, ਕਵੀਸ਼ਰ ਦਿਲਬਾਗ ਸਿੰਘ ਵਲਟੋਹਾ, ਜ: ਦਰਸ਼ਨ ਸਿੰਘ ਦਿੱਲੀ, ਜ: ਨਿਸ਼ਾਨ ਸਿੰਘ ਦਿੱਲੀ ਨੇ ਗੁਰੂ ਜੱਸ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

**ਸ੍ਰੀ ਸਤਿਗੁਰੂ ਜੀ ਦੇ ਦਰਸ਼ਨ** :- ਦੁਪਹਿਰ ਦੇ ਦੀਵਾਨ ਜ: ਨਿਸ਼ਾਨ ਸਿੰਘ ਦਿੱਲੀ ਵਾਲਿਆਂ ਦੇ ਸਮੇਂ ਵਿਚ ਸਤਿਗੁਰੂ ਜੀ ਨੇ ਪਾਵਨ ਪਵਿਤਰ ਦਰਸ਼ਨ ਦਿੱਤੇ। ਇਕ ਘੰਟਾ ਨਾਮ ਸਿਮਰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਾਧ ਸੰਗਤ ਨੇ ਸਰਵਨ ਕੀਤਾ।

ਸ਼ਾਮ ਦੇ ਕੀਰਤਨ ਵਿਚ "ਹਉ ਫਿਰਉ ਦੀਵਾਨੀ ਆਵਲ ਬਾਵਲ" ਸ਼ਬਦ ਹਜੂਰੀ ਰਾਗੀ ਸੰਤ ਬਲਵੰਤ ਸਿੰਘ, ਕਿਰਪਾਲ ਸਿੰਘ, ਗੁਰਦਿੱਤ ਸਿੰਘ, ਸੁਰਜੀਤ ਸਿੰਘ ਹਰਵਿੰਦਰ ਸਿੰਘ, ਸਰਮੁਖ ਸਿੰਘ ਨੇ ਗਾਇਨ ਕੀਤਾ।

**ਰਾਤ ਦੇ ਦੀਵਾਨਾਂ ਦਾ ਵੇਰਵਾ** :-

ਕਿਰਪਾ ਸਿੰਘ ਸ੍ਰੀ ਭੈਣੀ ਸਾਹਿਬ, ਸੂਬਾ ਬਲਵਿੰਦਰ ਸਿੰਗ ਚੱਲ ਯਕੂਬ, ਜ: ਦਵਿੰਦਰ ਸਿੰਘ ਕੁਰਾਲੀ, ਜ: ਬਲਵਿੰਦਰ ਸਿੰਘ ਚੰਡੀਗੜ੍ਹ, ਸੂਬਾ ਸੰਦੀਪ ਸਿੰਘ ਕਰੀਵਾਲਾ, ਜ: ਪ੍ਰੀਤਮ ਸਿੰਘ ਪੱਟੀ ਕ੍ਰਿਪਾਲ, ਜ: ਸੁਰਿੰਦਰ ਸਿੰਘ (ਸ਼ਿੰਦਾ), ਕੁਲਵਿੰਦਰ ਸਿੰਘ ਚੱਕ ਯਕੂਬ

ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਜਪ ਪ੍ਰਯੋਗ ਦੀ ਅਰਦਾਸ ਠੀਕ 3.28 ਮਿੰਟ ਤੇ ਕੀਤੀ ਗਈ। ਅੱਜ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਹੋਇਆ।

**15-10-2018, ਸੋਮਵਾਰ**

ਮਾਸਟਰ ਦਰਸ਼ਨ ਸਿੰਘ, ਸੰਤ ਬਲਵੰਤ ਸਿੰਘ, ਬਿਧੀ ਸਿੰਘ, ਲਖਵਿੰਦਰ ਸਿੰਘ, ਗੁਰਪ੍ਰਤਾਪ ਸਿੰਘ, ਗੁਰਬਖਸ਼ ਸਿੰਘ, ਕਿਰਪਾਲ ਸਿੰਘ ਆਦਿ ਕ੍ਰੀਬ 22 ਸਿੰਘਾਂ ਦੇ ਜਥੇ ਨੇ ਤੰਤੀ ਸਾਜ, ਦਿਲਰੁਬਾ, ਤਾਰ ਸ਼ਹਿਨਾਈ, ਢੋਲਕ

ਅਤੇ ਛੈਣਿਆਂ ਨਾਲ ਰਸ ਭਿੰਨਾਂ ਵਾਰੇ ਦਾ ਕੀਰਤਨ ਕੀਤਾ। ਵਾਰੇ ਦੇ ਭੋਗ ਉਪਰੰਤ ਸੂਬਾ ਬਲਵਿੰਦਰ ਸਿੰਘ ਜੀ ਨੇ ਦਿਨ ਦੇ ਦੀਵਾਨਾਂ ਬਾਰੇ ਦੱਸਿਆਂ ਅਤੇ ਸੁਵਰਨ ਸਿੰਘ ਵਿਰਲ ਨੂੰ ਮੰਚ ਤੇ ਆਮੰਤ੍ਰਿਤ ਕੀਤਾ। ਸ. ਸੁਵਰਨ ਸਿੰਘ ਵਿਰਕ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਵਰ੍ਹਾ ਅਰੰਭ ਹੋ ਰਿਹਾ ਹੈ। ਸਤਿਗੁਰੂ ਹਰੀ ਸਿੰਘ ਜੀ ਦਾ 200ਵਾਂ ਪ੍ਰਕਾਸ਼ ਵਰ੍ਹਾ ਮਨਾ ਰਹੇ ਹਾਂ। ਗੁਰੂ ਨਾਨਕ ਦੇਵ ਜੀ ਦੇ ਸਮੇਂ ਬਾਰੇ ਦੱਸਿਆ ਕਿ ਉਸ ਸਮੇਂ ਹਿੰਦੂਆਂ ਤੇ ਮੁਸਲਮਾਨਾਂ ਦੀ ਆਪਸੀ ਵਿਰੋਧਤਾ ਸੀ। ਗੁਰੂ ਨਾਨਕ ਦੇਵ ਜੀ ਇਨ੍ਹਾਂ ਦੇ ਵਿਚਾਲੇ ਪੁਲ ਬਣੇ। ਏਕਤਾ ਦੀ ਆਵਾਜ਼ ਪੰਜਾਬ ਵਿੱਚੋਂ ਗੂੰਜੀ।ਉਨ੍ਹਾਂ ਨੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਵਹਿਮਾਂ ਭਰਮਾਂ ਨੂੰ ਦੂਰ ਕੀਤਾ। ਗੁਰੂ ਜੀ ਦਾ ਧਰਮ ਨਿਰਭਉ ਤੇ ਨਿਰਵੈਰ ਵਾਲਾ ਸੀ। ਉਨ੍ਹਾਂ ਗੁਰੂ ਹਰੀ ਸਿੰਘ ਜੀ ਬਾਰੇ ਦੱਸਿਆ ਕਿ ਉਨ੍ਹਾਂ ਦਾ ਹਿਰਦਾ ਬਹੁਤ ਵਿਸ਼ਾਲ ਸੀ। ਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਤੋਂ ਬਾਦ ਉਹ ਨੀਵੀਂ ਪਾ ਕੇ ਹੀ ਬੈਠਦੇ ਸਨ। ਉਨ੍ਹਾਂ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਸਤਿਗੁਰੂ ਹਰੀ ਸਿੰਘ ਜੀ ਦਾ ਸਮਾਂ ਬਹੁਤ ਹੀ ਦਰਦਨਾਕ ਸੀ। ਉਹ ਧੀਰਜ ਦੇ ਪੁੰਜ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਹੋਣ ਨਾਲ ਸਮਾਂ ਤਬਦੀਲ ਹੋਇਆ। ਨਾਮਧਾਰੀ ਪੰਥ ਵਿੱਚ ਲਹਿਰਾਂ ਬਹਿਰਾਂ ਹੋ ਗਈਆਂ। ਪੁਲੀਸ ਚੌਕੀ ਉਠਾ ਲਈ ਗਈ। ਉਸ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਕਾਸ ਹੋਇਆ। ਦੇਸ਼ ਵਿਦੇਸ਼ ਵਿੱਚ ਸ਼ਾਸਤ੍ਰੀ ਸੰਗੀਤ ਅਤੇ ਗੁਰਮਤਿ ਸੰਗੀਤ ਦਾ ਪ੍ਰਚਾਰ ਪ੍ਰਸਾਰ ਹੋਇਆ। ਘਰ ਘਰ ਵਿੱਚ ਸਤਿਗੁਰੂ ਜੀ ਨੇ ਰਾਗ ਦੀ ਵਿਦਿਆ ਪਹੁੰਚਾ ਦਿੱਤੀ।

**ਦਿਨ ਦੇ ਦੀਵਾਨਾਂ ਦਾ ਵੇਰਵਾ** :-

ਜ: ਜਸਵੰਤ ਸਿੰਘ ਵੜੈਚ, ਜ: ਨਿਰਮਲ ਸਿੰਘ ਭੋਏਵਾਲੀ, ਜ: ਸੁਖਵੰਤ ਸਿੰਘ ਮੁਹਾਵਾ, ਨਿਤਨੇਮ ਅਤੇ ਕੀਰਤਨ

**ਨਿਤਨੇਮ–** ਅੱਜ ਦਾ ਨਾਮ ਸਿਮਰਨ 11 ਤੋਂ 12 ਵਜੇ ਤੱਕ ਹੋਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ, ਜਿਸ ਵਿੱਚ ਸਤਿਗੁਰੂ ਜੀ ਨੇ ਪ੍ਰਯੋਗ ਵਿਚ ਸੰਗਤ ਬਾਰੇ ਬਚਨ ਕੀਤੇ।

**ਪੁਸਤਕਾਂ ਰੀਲੀਜ਼**- ਸੰਤ ਗੁਰੂਬਚਨ ਸਿੰਘ ਦੀ ਪੁਸਤਕ "ਰੂਹ ਦੀਆਂ ਗੱਲਾਂ" ਸੂਬਾ ਸੁਰਿੰਦਰ ਕੌਰ ਖਰਲ ਦੀ ਪੁਸਤਕ "ਅੰਮ੍ਰਿਤਸਰ ਸ਼ਹੀਦਾਂ ਦੇ ਪਰਿਵਾਰ ਦੀ ਜਾਣਕਾਰੀ" ਅਤੇ ਸ੍ਰ. ਕੇਹਰ ਸਿੰਘ (ਡੈਹਿਰ) ਬਾਰੇ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਰੀਲੀਜ਼ ਕੀਤੀਆਂ। ਵਿਰਕ ਜੀ ਨੇ ਕਿਤਾਬ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸੰਤ ਗੁਰੂਬਚਨ ਸਿੰਘ ਬਾਰੇ ਦੱਸਿਆ ਕਿ ਇਹ ਸੰਸਕ੍ਰਿਤ ਦੇ ਮਹਾਨ ਵਿਦਵਾਨ ਹਨ, ਹਿੰਦੂ ਦਰਸ਼ਨ, ਵੇਦਾਂਤ, ਕੁਰਾਨ, ਸਿੱਖ ਧਰਮ ਦੇ ਫਲਸਫੇ ਨੂੰ ਇਨ੍ਹਾਂ ਨੇ ਬੜੀ ਰੀਝ ਨਾਲ ਪੜ੍ਹਿਆ ਹੈ।

ਪ੍ਰੋਫੈਸਰ ਜਗਮੋਹਨ ਸਿੰਘ-ਨੇ ਸੂਬਾ ਸੁਰਿੰਦਰ ਕੌਰ ਖਰਲ ਦੀ ਪੁਸਤਕ ਬਾਰੇ ਦੱਸਿਆ ਕਿ ਉਨ੍ਹਾਂ ਨੇ ਸ਼ਹੀਦਾਂ ਦੇ ਸਾਰੇ ਪਰਿਵਾਰਾਂ ਨੂੰ ਲੱਭਿਆ, ਜਿਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਦੱਸਿਆ ਸ਼ਹੀਦ ਭਗਤ ਸਿੰਘ ਦੇ ਦੋਨੋਂ ਦਾਦਾ ਭਰਾ ਅਰਜਨ ਸਿੰਘ ਤੇ ਸੁਰਜਨ ਸਿੰਘ ਨਾਮਧਾਰੀ ਸਨ। ਜਦੋਂ ਨਾਮਧਾਰੀਆਂ ਤੇ ਕੁਝ ਪਾਬੰਦੀਆਂ ਰਟੀਆਂ ਤਾਂ 1921 ਈ: ਮੁਠੱਡੇ ਕਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ 'ਚ ਸ਼ਹੀਦੀ ਕਾਨਫਰੰਸ ਹੋਈ, ਸ਼ਹੀਦ ਭਗਤ ਸਿੰਘ ਜੀ ਨੇ 14 ਸਾਲ ਦੀ ਉਮਰ ਵਿੱਚ ਇਸ ਸਮਾਗਮ ਵਿੱਚ ਭਾਸ਼ਨ ਦਿੱਤਾ। ਕੁਝ ਲੋਕ ਰਾਜ ਪਲਟਾ ਚਾਹੁੰਦੇ ਹਨ ਪਰ ਉਹ ਮਹਾਨ ਲੋਕ ਹੁੰਦੇ ਹਨ ਜੋ ਨਵੇਂ ਯੁੱਗ ਦੀ ਸ਼ੁਰੂਆਤ ਕਰਦੇ ਹਨ, ਉਹ ਜੁਗ ਪਲਟਾਊ ਹੁੰਦੇ ਹਨ। ਸਤਿਗੁਰੂ ਗੋਬਿੰਦ ਸਿੰਘ ਜੀ ਆਖਿਆ ਸੀ ਦੇਵਤੇ ਉਹ ਹਨ ਜੋ ਸਮਾਜ ਦਾ ਕਲਿਆਣ ਕਰਦੇ ਹਨ, ਦਾਨਵ ਉਹ ਹਨ ਜੋ ਸਮਾਜ ਦੇ ਦੋਖੀ ਹੁੰਦੇ ਹਨ। ਸਾਨੂੰ ਚੰਡੀ ਦੀ ਵਾਰ ਵਿੱਚੋਂ ਸ਼ਕਤੀ ਮਿਲਦੀ ਹੈ। ਸ਼ਹੀਦ ਭਗਤ ਸਿੰਘ ਦੇ ਜਨਮ ਤੋਂ ਪਹਿਲਾਂ ਆਪ ਦੇ ਮਾਤਾ ਜੀ ਚੰਡੀ ਦੀ ਵਾਰ ਦਾ ਰੋਜ਼ਾਨਾ ਪਾਠ ਕਰਿਆ ਕਰਦੇ ਸਨ। ਚੰਡੀ ਪਾਠ ਦੀ ਪ੍ਰੇਰਣਾ ਨਾਮਧਾਰੀ ਸਮਾਜ ਤੋਂ ਹੀ ਮਿਲੀ। ਇਹ ਕਿਤਾਬਾਂ ਜੋ ਭੇਟ ਕੀਤੀਆਂ ਹਨ, ਸਾਨੂੰ ਜੜ੍ਹਾਂ ਨਾਲ ਜੋੜਦੀਆਂ ਹਨ। ਸਾਨੂੰ ਇਨ੍ਹਾਂ ਜੜ੍ਹਾਂ ਨੂੰ ਮਜਬੂਤ ਕਰਨਾ ਚਾਹੀਦਾ ਹੈ।

**ਕੀਰਤਨ–** ਅੱਜ ਦਾ ਕੀਰਤਨ ਸੰਤ ਹਰਬੰਸ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਰਾਗ ਭੀਮ ਪਲਾਸੀ ਚਾਰ ਤਾਲ ਵਿੱਚ ਕੀਤਾ। ਸ਼ਬਦ ਸੀ- "**ਦਰਸਨਿ ਹਰਿ ਦੇਖਣ ਕੈ ਤਾਈ॥**"- ਕੀਰਤਨ ਉਪਰੰਤ 12.30 ਤੋਂ 2.30 ਤੱਕ ਕਥਾ, ਦੀਵਾਨ ਅਤੇ ਕਵੀਸ਼ਰੀ ਪ੍ਰਸੰਗ ਪੇਸ਼ ਕੀਤੇ ਗਏ। ਕਥਾ ਪੰ: ਯਾਦਵਿੰਦਰ ਸਿੰਘ ਜੀ, ਸੂਬਾ ਸੁਰਿੰਦਰ ਸਿੰਘ ਜੀ 'ਗੁਨਾ', ਕਵੀਸ਼ਰ ਜੋਗਾ ਸਿੰਘ ਭੰਬੂਰ, ਕਵੀਸ਼ਰ ਗੁਰਸੇਵਕ ਸਿੰਘ ਸ੍ਰੀ ਭੈਣੀ ਸਾਹਿਬ। ਸ਼ਾਮ ਦੇ ਦੀਵਾਨ 6.30 ਤੋਂ 8.30 ਤੱਕ- ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਦਾ ਪ੍ਰੋਗਰਾਮ, ਜਥੇਦਾਰ ਹਰਪਾਲ ਸਿੰਘ ਅਤੇ ਸੂਬਾ ਮੋਹਕਮ ਸਿੰਘ ਜੀ ਦੇ ਦੀਵਾਨ ਉਪਰੰਤ 10.30 ਤੱਕ ਕਵੀ ਦਰਬਾਰ ਹੋਇਆ।

**ਕਵੀ ਦਰਬਾਰ**- ਅੱਜ ਦੇ ਕਵੀ ਦਰਬਾਰ ਦੀ ਪ੍ਰਧਾਨਗੀ ਸੂਬਾ ਰੇਸ਼ਮ ਸਿੰਘ ਕਨੇਡਾ ਨੇ ਕੀਤੀ। ਮੰਚ ਦਾ ਸੰਚਾਲਨ ਸੂਬਾ ਬਲਵਿੰਦਰ ਸਿੰਘ ਨੇ ਕੀਤਾ। ਸਾਹਿਤ ਸਭਾ ਸ੍ਰੀ ਭੈਣੀ ਸਾਹਿਬ, ਸਾਹਿਬ ਸਭਾ ਸ੍ਰੀ ਜੀਵਨ ਨਗਰ ਦੇ

ਕਵੀਆਂ ਤੋਂ ਬਿਨਾਂ ਹੋਰ ਸਥਾਨਾਂ ਤੋਂ ਆਏ ਕਵੀਆਂ ਨੇ ਵੀ ਆਪਣੀ ਹਾਜ਼ਰੀ ਲੁਆਈ। ਅੱਜ ਦੇ ਕਵੀ ਦਰਬਾਰ ਹਾਜ਼ਰ ਕਵੀ ਇਸ ਪ੍ਰਕਾਰ ਸਨ- ਹਜ਼ਾਰਾ ਸਿੰਘ ਮੰਡ, ਜਸਵੀਰ ਸਿੰਘ ਸਿੱਧੂ, ਸੁਲੱਖਣ ਸਿੰਘ ਅਟਵਾਲ, ਸਤਵੰਤ ਕੌਰ ਮਠਾੜੂ, ਬਲਵੰਤ ਸਿੰਘ ਵਿਰਕ, ਸੰਤ ਕੌਰ, ਹਰਭਜਨ ਸਿੰਘ ਰਾਜਾ, ਬਲਦੇਵ ਸਿੰਘ ਵੜੈਚ, ਸੂਬਾ ਸੁਰਿੰਦਰ ਕੌਰ ਖਰਲ, ਸਵਿੰਦਰ ਸਿੰਘ ਲੁਧਿਆਣਾ, ਬਲਰਾਜ ਸਿੰਘ ਬਾਜਵਾ, ਰਜਿੰਦਰ ਕੌਰ ਪੰਨੂੰ, ਨਰਿੰਦਰ ਸਿੰਘ ਬੰਗਲੌਰ, ਪਰਮਜੀਤ ਸਿੰਘ ਰਾਏ, ਸਤਨਾਮ ਸਿੰਘ ਕੋਮਲ, ਪੂਰਨ ਸਿੰਘ ਨਿਰਾਲਾ, ਜਗਵੀਰ ਸਿੰਘ ਵਿੱਕੀ, ਗੁਰਸੇਵਕ ਸਿੰਘ ਢਿੱਲੋਂ, ਨਰਿੰਦਰ ਸਿੰਘ ਯੂ. ਕੇ., ਸਿੰਦਰ ਕੌਰ ਦਿੱਲੀ, ਸੇਵਾ ਸਿੰਘ ਦਿੱਲੀ, ਰਣਜੀਤ ਕੌਰ, ਜਸਵਿੰਦਰ ਸਿੰਘ ਭਿੰਡਰ, ਬਲਵੀਰ ਸਿੰਘ ਢਿੱਲੋਂ, ਪ੍ਰੀਤਮ ਸਿੰਘ, ਜੋਗਿੰਦਰ ਸਿੰਘ ਕੰਗ, ਮਾਸਟਰ ਅਮਰੀਕ ਸਿੰਘ ਜੀ, ਲਖਵਿੰਦਰ ਸਿੰਘ ਬਾਜਵਾ, ਹਰਭਜਨ ਸਿੰਘ ਪਰਵਾਨਾ, ਪਿਆਰਾ ਸਿੰਘ, ਮੱਲ ਸਿੰਘ, ਜਰਨੈਲ ਸਿੰਘ, ਗੁਰਸੇਵਕ ਸਿੰਘ ਹੁਸ਼ਿਆਰਪੁਰ, ਗੁਰਤੇਜ ਸਿੰਘ, ਤਰਨ ਸਿੰਘ, ਗੁਰਮੇਲ ਸਿੰਘ, ਹਰਪਾਲ ਸਿੰਘ ਸੋਧੀ, ਬਲਵੰਤ ਸਿੰਘ, ਕਰਨੈਲ ਸਿੰਘ। ਕਵੀ ਦਰਬਾਰ ਦੀ ਸਮਾਪਤੀ ਉਪਰੰਤ ਸ੍ਰੀ ਪੂਰਨ ਸਿੰਘ ਜੀ ਅਤੇ ਸ.ਹਰਭਜਨ ਸਿੰਘ ਰਾਜਾ ਨੇ ਗੁਰੂ ਜੱਸ ਕੀਤਾ।

### 16-10-2018, ਮੰਗਲਵਾਰ

ਸ੍ਰੀ ਸਤਿਗੁਰੂ ਜੀ ਨੇ ਆਸਾ ਦੀ ਵਾਰ ਦੇ ਆਰੰਭ ਤੋਂ ਪਹਿਲਾਂ ਹੀ ਸੰਗਤ ਵਿੱਚ ਦਰਸ਼ਨ ਦਿੱਤੇ। ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਕੀਤਾ।ਅੱਜ ਮੇਲੇ ਦਾ ਸਭ ਤੋਂ ਭਰਵਾਂ ਦਿਨ ਹੈ ਸੰਗਤਾਂ ਦੂਰ-ਦੁਰਾਡੇ ਤੋਂ ਆਪੋ ਆਪਣੇ ਸਾਧਨਾ ਰਾਹੀਂ ਸ੍ਰੀ ਭੈਣੀ ਸਾਹਿਬ ਪਹੁੰਚ ਰਹੀਆਂ ਸਨ। ਸਾਰੀ ਸੰਗਤ ਸ੍ਰੀ ਸਤਿਗੁਰੂ ਜੀ ਦੇ ਪਾਵਨ ਦਰਸ਼ਨ ਕਰਕੇ ਆਪਣਾ ਜਨਮ ਸਫਲਾ ਕਰ ਰਹੀ ਸੀ।ਆਸਾ ਦੀ ਵਾਰ ਵਿੱਚ ਭਰਪੂਰ ਸੰਗਤ ਸੀ।

**ਸਨਮਾਨ**- ਅੱਜ 'ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਰਤਨ ਸਨਮਾਨ' ਉਸਤਾਦ ਹਰਭਜਨ ਸਿੰਘ ਅਤੇ 'ਪੰਡਤ ਗੋਪਾਲ ਸਿੰਘ ਯਾਦਗਾਰੀ ਸਨਮਾਨ' ਜਥੇਦਾਰ ਗੁਰਬਚਨ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਦਿੱਤਾ। ਉਸਤਾਦ ਜੀ ਨੂੰ ਦਿੱਤਾ ਸਨਮਾਨ ਪੱਤਰ ਪੜ੍ਹਕੇ ਸੁਣਾਇਆ ਗਿਆ।

ਪੰਡਤ ਗੋਪਾਲ ਸਿੰਘ ਬਾਰੇ ਬੋਲਦਿਆਂ ਜਥੇਦਾਰ ਨਿਸ਼ਾਨ ਸਿੰਘ ਕਿਹਾ ਕਿ ਉਨ੍ਹਾਂ ਨੇ ਨਾਮਧਾਰੀ ਪੰਥ ਦਾ ਪ੍ਰਚਾਰ ਕੀਤਾ। ਉਹਨਾਂ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਸਤਿਗੁਰੂ ਜੀ ਦੇ ਚਰਨੀਂ ਲਾਇਆ। ਪੰਡਤ ਜੀ ਸਾਰੀ ਉਮਰ ਸਤਿਗੁਰੂ ਜੀ ਨੂੰ ਸਮਰਪਤ ਰਹੇ। ਜਥੇਦਾਰ ਸੇਵਾ ਸਿੰਘ ਹੋਰੀਂ ਪੰਡਤ ਜੀ ਬਾਰੇ ਕਹਿੰਦੇ ਸਨ ਕਿ ਐਸਾ ਕੋਈ ਜਥੇਦਾਰ ਨਹੀਂ ਜਿਸ ਨੇ ਪੰਡਤ ਜੀ ਕੋਲੋਂ ਕੁਝ ਸਿੱਖਿਆ ਨਾ ਹੋਵੇ।

ਜਥੇਦਾਰ ਗੁਰਬਚਨ ਸਿੰਘ ਬਾਰੇ ਬੋਲਦਿਆਂ ਕਿਹਾ ਕਿ ਇਹ ਪਹਿਲਾਂ ਨਾਮਧਾਰੀ ਸਿੱਖ ਨਹੀਂ ਸਨ, ਖਿਡਾਰੀ ਹੋਣ ਕਾਰਨ ਸਿਰ ਮੁੰਨਿਆ ਹੋਇਆ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਭਜਨ ਲਿਆ। ਜਥੇਦਾਰ ਨਿਰੰਜਨ ਸਿੰਘ ਦੇ ਸ਼ਗਿਰਦ ਸਨ, ਕਈ ਵਾਰ ਇਕੱਠਿਆਂ ਹੀ ਦੀਵਾਨ ਸਜਾਏ। ਹਜ਼ਾਰਾਂ ਪ੍ਰਾਣੀਆਂ ਨੂੰ ਨਾਮ ਦਾਨ ਦਿੱਤਾ। ਦੋਵੇਂ ਸਨਮਾਨਿਤ ਸ਼ਖਸੀਅਤਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਸੁੰਦਰ ਸਨਮਾਨ ਚਿਨ੍ਹ, ਮਾਣ ਪੱਤਰ, ਲੋਈ, ਮਾਲਾ, ਪੁਸਤਕਾਂ ਅਤੇ ਮਾਇਆ ਆਦਿ ਸਨਮਾਨ ਵਜੋਂ ਬਖਸ਼ਿਸ਼ ਕੀਤੀਆਂ।

**ਦਿਨ ਦੇ ਦੀਵਾਨ**- 9:30 ਤੋਂ 2 ਵਜੇ ਤੱਕ- ਜ. ਮਨਜੀਤ ਸਿੰਘ ਦਿੱਲੀ, ਜ: ਪ੍ਰਕਾਸ਼ ਸਿੰਘ ਬਿਸ਼ਨਪੁਰੀ, ਜ: ਬਿਹਾਰਾ ਸਿੰਘ ਯਮੁਨਾਨਗਰ, ਸੂਬਾ ਅਜੀਤ ਸਿੰਘ ਬਟਾਲਾ, ਜ: ਜਸਬੀਰ ਸਿੰਘ ਖਿਆਲਾ, ਜ: ਕਵੀ ਮੱਖਣ ਸਿੰਘ ਮੱਲ੍ਹੇਕਾਂ, ਜ: ਜਸਪਾਲ ਸਿੰਘ ਸੰਤ ਨਗਰ, ਜ. ਗੁਰਬਚਨ ਸਿੰਘ ਬਹਾਦਰਸੈਨ, ਰਾਗੀ ਮਨਜੀਤ ਸਿੰਘ ਦਿੱਲੀ, ਜ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ

**ਪੁਸਤਕ ਰੀਲੀਜ਼**- ਜਥੇਦਾਰ ਸੇਵਾ ਸਿੰਘ ਮੰਡੀ ਵਾਲਿਆਂ ਦੀ ਪੁਸਤਕ 'ਸ੍ਰੀ ਪ੍ਰਤਾਪ ਮਹਿਮਾ' ਜਥੇਦਾਰ ਸਾਧਾ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਭੇਟਾ ਕੀਤੀ।

**ਨਿਤਨੇਮ ਤੇ ਕੀਰਤਨ-** ਦੁਪਹਿਰ ਵੇਲੇ 2 ਤੋਂ 3 ਨਿਤਨੇਮ ਦੀ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸ੍ਰਵਣ ਕੀਤਾ। ਸ਼ਾਮ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਵਲੋਂ ਕੀਤਾ ਗਿਆ। ਸ਼ਬਦ ਸਨ-
"ਮੇਰਾ ਵੈਦ ਗੁਰੂ ਗੋਬਿੰਦਾ" "ਨਹੀਂ ਹਮ ਭੇਖ ਕੇ ਜੋਗੀ, ਹਮਾਰਾ ਪੰਥ ਨਿਆਰਾ ਹੈ" "ਸਤਿਗੁਰ ਮੂਰਤਿ ਕਉ ਬਲਿ ਜਾਉ"

**ਰਾਜਨੀਤਕ ਸੱਜਣ**- ਅੱਸੂ ਦੇ ਮੇਲੇ ਤੇ ਚੌਧਰੀ ਰਣਜੀਤ ਸਿੰਘ, ਸ. ਬਲਬੀਰ ਸਿੰਘ ਸਿੱਧੂ ਕੈਬਨਿਟ ਮੰਤਰੀ ਪੰਜਾਬ ਸਰਕਾਰ, ਸ. ਸਾਧੂ ਸਿੰਘ ਧਰਮਸੋਤ, ਕੁਲਜੀਤ ਸਿੰਘ ਨਾਗਰਾ ਐਮ. ਐਲ. ਏ. ਨੂੰ ਸ੍ਰੀ ਸਤਿਗੁਰੂ ਜੀ ਨੇ ਸਿਰੋਪਾ ਦੇ ਕੇ ਨਿਵਾਜਿਆ।

ਸ. ਸਾਧੂ ਸਿੰਘ ਧਰਮਸੋਤ ਨੇ ਕਿਹਾ ਕਿ ਦੁਨੀਆਂ ਦੀ ਸ਼ਾਂਤੀ ਵਾਸਤੇ ਇਸ ਤਪੋ ਭੂਮੀ ਤੇ ਨਾਮ ਸਿਮਰਨ ਹੋ ਰਿਹਾ ਹੈ। ਉਹਨਾਂ ਕਿਹਾ ਕਿ ਜਿਹੜੇ ਆਪਣੇ ਸਤਿਗੁਰੂ ਤੇ ਭਰੋਸਾ ਰੱਖਦੇ ਹਨ ਉਨ੍ਹਾਂ ਨੂੰ ਕਦੀ ਤੋਟ ਨਹੀਂ ਆਉਂਦੀ। ਸਤਿਗੁਰੂ ਸਿਰਫ ਚੋਲਾ ਹੀ ਬਦਲਦਾ ਹੈ ਅੱਜ ਸਤਿਗੁਰੂ ਉਦੇ ਸਿੰਘ ਜੀ ਿ

ਬਰਾਜਮਾਨ ਹਨ। ਤੁਸੀਂ ਇਨ੍ਹਾਂ ਵਿੱਚੋਂ ਹੀ ਸਤਿਗੁਰੂ ਰਾਮ ਸਿੰਘ, ਸਤਿਗੁਰੂ ਪ੍ਰਤਾਪ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰ ਸਕਦੇ ਹੋ। ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ, ਗਰੀਬਾਂ ਦੀ ਮਦਦ ਕਰਨੀ, ਇਹੀ ਸਾਡਾ ਸੱਚਾ ਧਰਮ ਹੈ।

**ਸ੍ਰੀ ਸਤਿਗੁਰੂ ਜੀ ਨੇ ਨਵੇਂ ਸੂਬੇ ਨਿਯੁਕਤ ਕੀਤੇ**- ਸੂਬਾ ਮਨੀ ਸਿੰਘ ਰੋਪੜ ਦੇ ਸਪੁੱਤਰ ਸੰਤ ਭੁਪਿੰਦਰ ਸਿੰਘ ਤੇ ਸੂਬਾ ਸ਼ਮਿੰਦਰ ਸਿੰਘ ਸੈਦੋਕੇ ਨੂੰ ਸੂਬਾ ਪਦਵੀ ਨਾਲ ਨਿਵਾਜਿਆ ਗਿਆ।

ਸ. ਗੁਰਦੇਵ ਸਿੰਘ ਸਿੱਧੂ ਚੰਡੀਗੜ੍ਹ ਜੋ ਕਿ ਇੱਕ ਬਹੁਤ ਵੱਡੇ ਸਾਹਿਤਕਾਰ ਹਨ, ਨੇ ਇੱਕ ਪੁਸਤਕ ਲਿਖੀ ਹੈ 'ਕੂਕਾ ਇਤਿਹਾਸ ਦੇ ਅਣਛੋਹੇ ਪੱਤਰੇ', ਜੋ ਕਿ ਲੋਕ ਗੀਤ ਪ੍ਰਕਾਸ਼ਨ ਵਲੋਂ ਛਾਪੀ ਗਈ ਹੈ। ਸਿੱਧੂ ਸਾਹਿਬ ਦੀ ਪੁਸਤਕ ਸ੍ਰੀ ਸਤਿਗੁਰੂ ਜੀ ਨੇ ਰਿਲੀਜ਼ ਕੀਤੀ।

ਕਵੀ ਜੋਗਿੰਦਰ ਸਿੰਘ ਕੰਗ ਦੀ ਪੁਸਤਕ ਰੀਲੀਜ਼ ਕੀਤੀ ਗਈ।

ਸ. ਸੰਤੋਖ ਸਿੰਘ ਝੀਤਾ ਨੂੰ ਸਤਿਗੁਰੂ ਜੀ ਨੇ ਸਿਰੋਪਾ ਬਖਸ਼ਿਸ਼ ਕੀਤਾ, ਜਿਨ੍ਹਾਂ ਨੇ ਨਿਸ਼ਕਾਮ ਭਾਵਨਾ ਨਾਲ ਸੇਵਾ ਕੀਤੀ। ਮਲੇਰਕੋਟਲੇ ਦਾ ਮੈਡੀਟੇਸ਼ਨ ਹਾਲ ਇਨ੍ਹਾਂ ਦੀ ਦੇਖ ਰੇਖ ਵਿੱਚ ਤਿਆਰ ਹੋਇਆ ਹੈ।

ਸ਼ਹੀਦ ਲਹਿਣਾ ਸਿੰਘ ਯਾਦਗਾਰੀ ਪੁਰਸਕਾਰ- ਸ੍ਰੀ ਸਰਬ ਸ਼ਕਤੀਮਾਨ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਦਿੱਤਾ। ਇਹ ਸਨਮਾਨ ਠੇਕੇਦਾਰ ਸੁਲੱਖਣ ਸਿੰਘ ਪੰਨਵ ਦਿੱਲੀ ਵਲੋਂ ਦਿੱਤਾ ਜਾਂਦਾ ਹੈ।

ਸੰਤ ਗੁਰਮੁਖ ਸਿੰਘ ਡਰਾਈਵਰ ਅਤੇ ਬੀਬੀ ਗੁਰਮੀਤ ਕੌਰ ਨੂੰ ਸੇਵਾ ਸਨਮਾਨ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ। ਸੰਤ ਗੁਰਮੁਖ ਸਿੰਘ ਬਚਪਨ ਵਿਚ ਸੰਤ ਆਲਾ ਸਿੰਘ ਜੀ ਦੇ ਡੇਰੇ ਸੰਤ ਨਗਰ ਸੇਵਾ ਕਰਦੇ ਰਹੇ। ਫੇਰ ਸ੍ਰੀ ਜੀਵਨ ਨਗਰ, ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਗਊਆਂ ਦੀ ਸੇਵਾ ਕੀਤੀ। ਭਾਰਤ ਦੀ ਸਭ ਤੋਂ ਵੱਧ ਦੁੱਧ ਦੇਣ ਵਾਲੀ ਸਾਹੀਵਾਲ ਨਸਲ ਦੀ ਗਊ 'ਨੌ ਲੱਖੀ' ਨੂੰ ਗੁਰਮੁਖ ਸਿੰਘ ਜੀ ਸੰਭਾਲਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੇਲੇ ਆਪ ਪਹਿਲੋਂ ਟਰੈਕਟਰ ਚਲਾਉਣ ਦੀ ਸੇਵਾ ਕਰਦੇ ਰਹੇ, ਫੇਰ 1966 ਤੋਂ 1988 ਤੱਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਡਰਾਈਵਰ ਰਹੇ। ਆਪ ਨੇ ਸਤਿਗੁਰੂ ਜੀ ਦੇ ਦੌਰਿਆਂ ਦੀ ਡਾਇਰੀ ਵੀ ਲਿਖੀ ਜੋ ਸੰਖੇਪ ਹੁੰਦਿਆਂ ਹੋਇਆਂ ਵੀ ਅਤੇ ਮਹੱਤਵ ਪੂਰਨ ਹੈ। ਆਪ ਸੁਨਿਮਰ ਸਾਧੂ ਸੁਭਾਅ ਵਾਲੇ ਪੂਰਨ ਗੁਰਸਿੱਖ ਹਨ।

ਬੀਬੀ ਗੁਰਮੀਤ ਕੌਰ ਨੇ ਕ੍ਰੀਬ ਚਾਰ ਦਹਾਕੇ ਸ੍ਰੀ ਮਾਤਾ ਚੰਦ ਕੌਰ ਜੀ ਦੀ ਸੇਵਾ ਕੀਤੀ। ਸ੍ਰੀ ਮਾਤਾ ਜੀ ਦੀ ਸੇਵਾ ਕਰਦਿਆਂ ਬੀਬੀ ਜੀ ਨੂੰ ਸਤਿਗੁਰੂ ਜੀ ਦੇ ਲੰਗਰ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ।

**ਰਾਤ ਦੇ ਦੀਵਾਨ :-** ਜ. ਸਵਿੰਦਰ ਸਿੰਘ ਕੱਕੜ, ਕਵੀ ਰਵੇਲ ਸਿੰਘ, ਸੁਰਜੀਤ ਸਿੰਘ ਮੁਸਤਫਾਪੁਰ, ਜ. ਪ੍ਰੀਤਮ ਸਿੰਘ ਬਰਨਾਲਾ ਸ੍ਰੀ ਭੈਣੀ ਸਾਹਿਬ, ਕਵੀ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ, ਜਥੇਦਾਰ ਜਸਵਿੰਦਰ ਸਿੰਘ ਭਿੰਡਰ, ਜ: ਹਰਪ੍ਰੀਤ ਸਿੰਘ ਪਾਨੀਪਤ, ਜ: ਵੀਰ ਸਿੰਘ ਸਹਿਜਾਦਾ, ਸੰਤਾ ਸਿੰਘ ਮੁਠੱਡਾ

**ਮੇਲੇ ਦਾ ਆਖਰੀ ਦਿਨ**

**17-10-2018, ਬੁੱਧਵਾਰ**

ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਕੀਤਾ। ਅੱਜ ਕੱਤਕ ਮਹੀਨੇ ਦੀ ਸੰਗਰਾਂਦ ਸੀ। ਰਾਗੀਆਂ ਨੇ ਕੱਤਕ ਮਹੀਨੇ ਦਾ ਸ਼ਬਦ 'ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ' ਗਾਇਨ ਕੀਤਾ। ਅੱਜ ਮੇਲੇ ਦਾ ਭੋਗ ਵਾਲਾ ਦਿਨ ਸੀ। ਸ੍ਰੀ ਸਤਿਗੁਰੂ ਜੀ ਆਸਣ ਤੇ ਬਿਰਾਜਮਾਨ ਸਨ, ਸੰਗਤਾਂ ਵਾਰੋ ਵਾਰੀ ਆ ਕੇ ਦਰਸ਼ਨ ਕਰ ਰਹੀਆਂ ਸਨ। ਰਾਗੀ ਸਿੰਘ ਉੱਚੀਆਂ ਸੁਰਾਂ ਵਿੱਚ "ਤੁਮ ਘਰਿ ਆਵਹੁ ਮੇਰੇ ਮੀਤ" ਸ਼ਬਦ ਪੜ੍ਹ ਰਹੇ ਸਨ। ਇਸ ਸਮੇਂ ਅਨੰਦ ਕਾਰਜਾਂ ਵਾਸਤੇ ਹਵਨ ਕੀਤਾ ਗਿਆ। ਲੜਕੇ ਲੜਕੀਆਂ ਨੂੰ ਕਤਾਰਾਂ ਵਿੱਚ ਬਿਠਾ ਕੇ ਅੰਮ੍ਰਿਤ ਛਕਾ ਕੇ ਭਜਨ ਦੱਸਿਆ ਗਿਆ। ਇਸ ਸਮੇਂ 19 ਅਨੰਦ ਕਾਰਜ ਸੰਪੂਰਨ ਹੋਏ ਅਤੇ 405 ਪਾਠਾਂ ਦੇ ਭੋਗ ਪਾਏ ਗਏ।

17 ਪਾਠ ਅਨੰਦ ਕਾਰਜ ਵਾਲਿਆਂ ਵਲੋਂ

6 ਪਾਠ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ

**ਸੰਤ ਨਿਸ਼ਾਨ ਸਿੰਘ ਜੀ :-** ਸੰਤ ਨਿਸ਼ਾਨ ਸਿੰਘ ਜੀ ਨੇ ਆਖਿਆ ਕਿ ਅੱਜ ਦਾ ਮਹਾਨ ਸਮਾਗਮ ਸਮਾਪਤੀ ਦੇ ਦੌਰ ਵੱਲ ਵਧ ਰਿਹਾ ਹੈ। ਸ੍ਰੀ ਸਤਿਗੁਰੂ ਜੀ ਨੇ ਮਹਾਨ ਖੁਸ਼ੀਆਂ ਬਖਸ਼ੀਆਂ ਹਨ। ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੀ ਮਹਾਨ ਲਿਖਤ ਜਿਸ ਬਾਰੇ ਸਿਖ ਪੰਥ ਵਿਚ ਭੁਲੇਖੇ ਪਾਉਣ ਦਾ ਜਤਨ ਕੀਤਾ ਗਿਆ ਹੈ। ਸ੍ਰੀ ਸਗਿਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਹਿੱਸਾ ਸੁਧਾਈ ਕਰਕੇ ਸੰਪੂਰਨ ਹੋ ਗਿਆ ਹੈ। ਮਾਸਟਰ ਦਰਸ਼ਨ ਸਿੰਘ ਜੀ ਨੇ ਮਿਹਨਤ ਕਰਕੇ ਇਸ ਨੂੰ ਨੇਪਰੇ ਚਾੜ੍ਹਿਆ ਹੈ। ਮਾਸਟਰ ਜੀ ਨੇ ਪਹਿਲਾ ਭਾਗ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤਾ। ਸ੍ਰੀ ਸਤਿਗੁਰੂ ਜੀ ਨੇ ਕ੍ਰਿਪਾ ਕੀਤੀ ਇਸ ਨੂੰ ਰੀਲੀਜ਼ ਕੀਤਾ।

**ਸ੍ਰੀ ਸਤਿਗੁਰੂ ਜੀ ਵਲੋਂ ਖੁਸ਼ੀਆਂ**:- ਮੇਲੇ ਦੀ ਸਮਾਪਤੀ ਦੇ ਨਾਲ ਹੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਾਰੀ ਸੰਗਤ ਨੂੰ ਖੁਸ਼ੀਆਂ ਬਖਸ਼ੀਆਂ ਅਤੇ ਸਾਧ ਸੰਗਤ ਦੇ ਭਲੇ ਵਾਸਤੇ ਆਪਣਾ ਪਵਿਤਰ ਉਪਦੇਸ਼ ਦਿੱਤਾ। ਇਸ ਦੇ ਨਾਲ ਹੀ ਅਨੰਦ ਕਾਰਜ਼ ਵਾਲੇ ਲੜਕੇ ਲੜਕੀਆਂ ਨੇ ਨਮਸਕਾਰ ਕੀਤੀ। ਇਹ ਉਪਦੇਸ਼ ਇਸੇ ਅੰਕ ਵਿੱਚ ਸ਼ਬਦ-ਬ-ਸ਼ਬਦ ਉਪਦੇਸ਼ ਵਾਲੇ ਸਫੇ ਤੇ ਦੇਖ ਸਕਦੇ ਹੋ।

**ਅਨੰਦ ਕਾਰਜ਼ਾਂ ਵਾਸਤੇ ਵਿਸ਼ੇਸ਼ ਹੁਕਮ** :- ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਕਿ ਅਨੰਦ ਕਾਰਜ ਨੂੰ ਅਨੰਦ ਕਾਰਜ ਹੀ ਰਹਿਣ ਦਿਉ। ਘਰ ਜਾ ਕੇ ਕੋਈ ਪਾਰਟੀ ਨਾ ਕੀਤੀ ਜਾਵੇ। ਲੜਕੀ ਨੂੰ ਏਥੋਂ ਹੀ ਲੜਕੇ ਨਾਲ ਤੋਰ ਦਿੱਤਾ ਜਾਵੇ।

**ਮੇਲੇ ਦੀ ਸੇਵਾ** :- ਅੱਸੂ ਦੇ ਮੇਲੇ ਦੀ ਸੇਵਾ ਸਾਧ ਸੰਗਤ ਵਲੋਂ ਮਿਲ ਕੇ ਕੀਤੀ ਗਈ। ਮੇਲੇ ਦੇ ਆਖਰੀ ਪੰਜ ਦਿਨਾਂ ਦੀ ਸੇਵਾ ਸ.ਇੰਦਰਜੀਤ ਸਿੰਘ ਭੱਟੀ ਨੇ ਪ੍ਰਵਾਰ ਸਹਿਤ ਕੀਤੀ।

**ਲੰਗਰ ਦੀ ਸੇਵਾ :–** ਵੱਡੇ ਲੰਗਰ ਵਿਚ ਪੂਜਯ ਮਾਤਾ ਗੁਰਸ਼ਰਨ ਕੌਰ ਜੀ ਆਪਣੇ ਜਥੇ ਸਮੇਤ ਸੇਵਾ ਕਰਦੇ ਰਹੇ। ਪਰਸਾਦੇ ਪਕਾਉਣ, ਸਬਜੀ ਕੱਟਣ, ਦੁੱਧ, ਭਾਂਡਿਆਂ ਦੀ ਸੇਵਾ, ਲੰਗਰ ਵਰਤਾਉਣ ਦੀ ਸੇਵਾ ਦਾ ਪ੍ਰਬੰਧ ਮਾਤਾ ਜੀ ਨੇ ਬਹੁਤ ਹੀ ਸੁੱਚਜੇ ਢੰਗ ਨਾਲ ਕੀਤਾ ਹੋਇਆ ਸੀ।

**ਸੋਧ ਦਾ ਲੰਗਰ :–** ਸੋਧ ਦੇ ਲੰਗਰ ਵਿਚ ਸ੍ਰੀ ਭੈਣੀ ਸਾਹਿਬ ਦੇ ਨੌਜੁਆਨਾਂ ਵਲੋਂ ਸੇਵਾ ਕੀਤੀ ਗਈ। ਇਹ ਨੌਜੁਆਨ ਸਵੇਰੇ 2ਵਜੇ ਪ੍ਰਯੋਗ ਦੀ ਅਰਦਾਸ ਤੋਂ ਬਾਅਦ ਸਿਧਾ ਲੰਗਰ ਵਿਚ ਜਾ ਕੇ ਸ਼ਰਦਾਈ ਤਿਆਰ ਕਰਦੇ ਤੇ ਤਿਆਰ ਲੰਗਰ ਲਿਆ ਕੇ ਰਖਦੇ। ਸੰਤ ਹਰਪਾਲ ਸਿੰਘ, ਅਵਤਾਰ ਸਿੰਘ, ਗੁਰਪ੍ਰੀਤ ਸਿੰਘ, ਗੁਰਭਗਤ ਸਿੰਘ, ਸਰਬਜੀਤ ਸਿੰਘ, ਕਿਰਪਾ ਸਿੰਘ, ਦਰਸ਼ਨ ਸਿੰਘ, ਸੇਵਾ ਸਿੰਘ, ਬਸੰਤ ਸਿੰਘ, ਮਹਿੰਦਰ ਸਿੰਘ, ਗੁਰਜੰਟ ਸਿੰਘ,ਅਜਮੇਰ ਸਿੰਘ ਤੇ ਸਾਥੀ।

**ਪਹਿਰੇ ਦੀ ਸੇਵਾ :–** ਬੀਬੀਆਂ—ਮਨਜੀਤ ਕੌਰ, ਰਜਿੰਦਰ ਕੌਰ,---------

ਸਿੰਘ—ਗੁਰਦੇਵ ਸਿੰਘ ਚੀਮਾਂ, ਸੰਦੀਪ ਸਿੰਘ, ਹਰਪ੍ਰੀਤ ਸਿੰਘ (ਕਾਕਾ), ਗੁਰਪ੍ਰੀਤ ਸਿੰਘ, ਹਰਦੀਪ ਸਿੰਘ, ਅਨੂਪ ਸਿੰਘ।

**ਪਾਰਕਿੰਗ :–** ਕਾਰ ਪਾਰਕਿੰਗ ਦਾ ਪ੍ਰਬੰਧ ਸ੍ਰੀ ਭੈਣੀ ਸਾਹਿਬ ਦੇ ਨੌਜੁਆਨਾਂ ਵਲੋਂ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਗਿਆ ਸੀ।ਇਸ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਦੀ ਆਲੇ ਦੁਆਲੇ ਦੀ ਸਫਾਈ ਵੀ ਇਨ੍ਹਾਂ ਨੌਜੁਆਨਾਂ ਨੇ ਕੀਤੀ। ਸੰਤ ਗੁਰਪ੍ਰੀਤ ਸਿੰਘ, ਪਿਆਰਾ ਸਿੰਘ, ਹਰਨਾਮ ਸਿੰਘ, ਹਰਪ੍ਰੀਤ ਸਿੰਘ ਅਤੇ ਬਾਕੀ ਦੇ ਸਾਥੀ ਸਿੰਘ।

**ਡੇਰਾ ਪ੍ਰਬੰਧ** ਦੀ ਸੇਵਾ ਸੰਤ ਆਸਾ ਸਿੰਘ, ਸੂਬਾ ਹਰਜੀਤ ਸਿੰਘ, ਸਾਥੀ ਗੁਰਜੰਟ ਸਿੰਘ, ਸੁਖਵਿੰਦਰ ਸਿੰਘ ਨੇ ਨਿਭਾਈ।

**ਬਿਰਧਾਂ ਨੂੰ ਲਿਆਉਣ ਦੀ ਸੇਵਾ :–** ਸੰਤ ਸਮਸ਼ੇਰ ਸਿੰਘ, ਸੰਤ ਭਗਵਾਨ ਸਿੰਘ, ਸੰਤ ਮੋਹਨ ਸਿੰਘ।

**ਅਖੰਡ ਪਾਠ ਤੇ ਹਵਨ :–** ਸੰਤ ਬਲਵੀਰ ਸਿੰਘ ਯੂ: ਪੀ:

**ਸਵਾ ਲੱਖ ਪਾਠ :–** ਸੰਤ ਗੁਰਦਿਆਲ ਸਿੰਘ ਰਾਏਸਰ।

**ਪੰਡਾਲ ਦੀ ਸੇਵਾ :–** ਸੂਬਾ ਬਲਵਿੰਦਰ ਸਿੰਘ ਤੇ ਸਾਥੀ।

ਗੁਰਭਗਤ ਸਿੰਘ, ਹਰਪਾਲ ਸਿੰਘ, ਜ: ਨਿਸ਼ਾਨ ਸਿੰਘ ਨੇ ਮੰਚ ਸੰਚਾਲਨ ਦੀ ਸੇਵਾ ਨਿਭਾਈ।

**ਲਾਈਵ ਪ੍ਰੋਗਰਾਮ :–** ਸੰਤ ਕਰਨਪਾਲ ਸਿੰਘ, ਬੰਤਾ ਸਿੰਘ, ਯੁਵਰਾਜ ਸਿੰਘ, ਲਵਪ੍ਰੀਤ ਸਿੰਘ, ਗੁਰਸਾਹਿਬ ਸਿੰਘ ਅਤੇ ਯਸ਼ਪ੍ਰੀਤ ਸਿੰਘ।

**ਫੋਟੋ ਗ੍ਰਾਫਰ :–** ਸੂਰਤਪਾਲ ਸਿੰਘ

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਅੱਸੂ ਦੇ ਮਹੀਨੇ ਦਾ ਜਪ ਪ੍ਰਯੋਗ ਸਾਧ ਸੰਗਤ ਦੇ ਸਹਿਯੋਗ ਨਾਲ ਨਿਰਵਿਘਨ ਸੰਪੂਰਨ ਹੋ ਗਿਆ। ਸਾਡੀ ਸਭ ਦੀ ਇਹੋ ਅਰਦਾਸ ਹੈ–

ਮੇਲੇ ਲੱਗਦੇ ਰਹਿਣ, ਸਤਿਗੁਰ ਫੱਬਦੇ ਰਹਿਣ,
ਸੱਚੇ ਪਾਤਸ਼ਾਹ ਤੇਰੀ ਉਚੀ ਸ਼ਾਨ ਹੋਵੇ॥

**ਗੁਰਦੇਵ ਸਿੰਘ ਚੀਮਾਂ**

**ਬਾਜ਼ਾਰ ਦਾ ਭੋਜਨ**
**ਨਾ ਸ਼ੁੱਧ ਹੁੰਦਾ ਹੈ**
**ਨਾ ਮਰਿਯਾਦਾ ਵਿੱਚ**
**ਆਉਂਦਾ ਹੈ ਫਿਰ**
**ਕਿਉਂ ਖਾਧਾ ਜਾਏ?**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਅਮਰੀਕਾ, ਕੈਨੇਡਾ ਦੌਰਾ

ਸਰੀਰ ਦੀ ਮਰਿਯਾਦਾ ਹੈ ਪੰਜ ਕਰਾਰ ਧਾਰਨ ਕਰਨੇ ਅਤੇ ਖੰਡੇ ਦਾ ਅੰਮ੍ਰਿਤ ਛਕਣਾ 'ਪੀਵਹੁ ਪਾਹੁਲ ਖੰਡੇ ਧਾਰ ਹੋਇ ਜਨਮ ਸੁਹੇਲਾ' ਅਤੇ ਆਤਮਿਕ ਸ਼ੁੱਧੀ ਲਈ ਹੈ- 'ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਹਹੁ ਭਾਈ॥' ਇਸੇ ਤਰ੍ਹਾਂ ਹੀ ਸਾਨੂੰ ਪਹਿਰਾਵਾ ਵੀ ਉਹੀ ਪਾਉਣਾ ਚਾਹੀਦਾ ਹੈ- 'ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਸੁ॥' ਅਤੇ ਵੇਸ ਵੀ ਗੁਰਮਤਿ ਅਨੁਸਾਰ ਸਫੈਦ ਰੰਗ ਸਤਿਜੁਗੀ ਹੈ ਅਤੇ ਨੀਲਾ-ਕਾਲਾ ਕਲਿਜੁਗੀ, ਮਲੇਛੀ ਰੰਗ ਹੈ। ਗੁਰੂ ਨਾਨਕ ਦੇਵ ਜੀ ਉਸ ਵੇਲੇ ਦੇ ਹਿੰਦੂਆਂ ਨੂੰ ਸੰਬੋਧਨ ਕਰਦੇ ਹਨ-

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ॥

ਭਾਵ ਉਹਨਾਂ ਪੰਡਤਾਂ ਨੂੰ ਧਿਰਕਾਰ ਪਾਈ ਹੈ ਕਿ ਤੁਸੀਂ ਪੜ੍ਹਦੇ ਪੁਰਾਣ ਹੋ, ਆਪਣੇ ਆਪ ਨੂੰ ਅਖਵਾਉਂਦੇ ਹਿੰਦੂ ਹੋ। ਪਰ ਮਲੇਛਾਂ ਦਾ ਧਾਨ ਲੈ ਕੇ ਖਾਂਦੇ ਹੋ, ਤੁਰਕਾਂ ਨੂੰ ਪ੍ਰਵਾਨ ਹੋਣ ਲਈ ਨੀਲੇ ਬਸਤ੍ਰ ਪਹਿਨਦੇ ਹੋ। ਰਾਗ ਰਾਮਕਲੀ ਵਿੱਚ ਪੰਚਮ ਪਾਤਸ਼ਾਹ ਸਪਸ਼ਟ ਕਰਦੇ ਹਨ-

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥
......ਕੋਈ ਓਢੈ ਨੀਲ ਕੋਈ ਸੁਪੇਦ॥
ਕੋਈ ਕਹੈ ਤੁਰਕ ਕੋਈ ਕਹੈ ਹਿੰਦੂ॥

ਕੋਈ ਓਢੈ ਨੀਲ (ਤੁਰਕ) ਕੋਈ ਸੁਪੇਦ (ਹਿੰਦੂ)। ਸਤਿਗੁਰੂ ਰਾਮ ਸਿੰਘ ਜੀ ਦਾ ਵੀ ਹੁਕਮ ਹੈ- ਨੀਲਾ ਪਹਿਨਣਾ ਗਊ ਦੇ ਚਮੜੇ ਸਮਾਨ ਹੈ। ਇਸ ਲਈ ਸਾਨੂੰ ਨੀਲਾ ਕਾਲਾ ਰੰਗ ਨਹੀਂ ਪਹਿਨਣਾ ਚਾਹੀਦਾ। ਜਿਨ੍ਹਾਂ ਤੁਰਕਾਂ ਨੇ ਸਾਡੇ ਗੁਰੂਆਂ ਨੂੰ, ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਨੂੰ, ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ, ਉਨ੍ਹਾਂ ਦਾ ਪਹਿਰਾਵਾ ਸਾਨੂੰ ਚੰਗਾ ਨਹੀਂ ਲੱਗਣਾ ਚਾਹੀਦਾ। ਸਤਿਗੁਰੂ ਹੁਕਮ ਦੇ ਦਾਇਰੇ ਵਿੱਚ ਰਹੀਏ ਤਾਂ ਸਾਨੂੰ ਕੋਈ ਦੁੱਖ ਨਹੀਂ ਲੱਗਦਾ-

ਚਉਗਿਰਦ ਹਮਾਰੈ ਰਾਮਕਾਰ ਦੁਖੁ ਲਗੈ ਨ ਭਾਈ॥

ਨਾਮ ਸਿਮਰਨ ਦੀ ਸਮਾਪਤੀ ਉਪਰੰਤ ਹਜ਼ੂਰੀ ਰਾਗੀ ਜਥੇ ਨੇ ਕੀਤਰਨ ਕੀਤਾ। ਸ਼ਾਮ ਦਾ ਸ਼ਬਦ ਸੀ-

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥

ਕੁਝ ਸਮਾਂ ਸੰਗੀਤ ਪ੍ਰੋਗਰਾਮ ਹੋਇਆ। ਬੀਬੀ ਕੰਵਲਜੀਤ ਕੌਰ, ਜਿਸਨੇ ਸ. ਹਰਜਿੰਦਰ ਸਿੰਘ (ਜਬਲਪੁਰ) ਪਾਸੋਂ ਸੰਤੂਰ ਵਾਦਨ ਦੀ ਸਿੱਖਿਆ ਗ੍ਰਹਿਣ ਕੀਤੀ ਹੈ, ਨਾਲ ਬੀਬੀ ਦੇ ਪਤੀ ਸ. ਜਸਵਿੰਦਰ ਸਿੰਘ ਨੇ ਤਬਲੇ ਤੇ ਸਾਥ ਦਿੱਤਾ। ਇਹ ਜੋੜੀ ਇੰਗਲੈਂਡ ਤੋਂ ਹੈ। ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਹੀ ਹੈ ਕਿ ਵਿਦੇਸ਼ਾਂ ਵਿੱਚ ਵੱਸਦੇ ਬਹੁਤ ਸਾਰੇ ਨੌਜੁਆਨ ਬੱਚੇ ਬੱਚੀਆਂ ਸੰਗੀਤ ਸਿੱਖਦੇ ਹਨ ਅਤੇ ਕੀਰਤਨ ਵਿੱਚ ਮਾਇਕ ਦੇ ਨਾਲ ਨਾਲ ਬਹੁਤ ਸਾਰੇ ਤੰਤੀ ਸਾਜਾਂ ਦੇ ਵਾਦਕ ਹੀ ਭਾਗ ਲੈਂਦੇ ਹਨ। ਕਰੀਬ ਪੌਣੇ ਘੰਟੇ ਲਈ 'ਜਿਥੇ ਹਰਦਮ ਸਰਗਮ ਗੂੰਜੇ' ਦਾ ਵਾਤਾਵਰਣ ਬਣ ਗਿਆ। ਇਸਦੇ ਨਾਲ ਹੀ ਸੰਤ ਨਿਸ਼ਾਨ ਸਿੰਘ ਜੀ ਨੇ ਅਰਦਾਸ ਕੀਤੀ ਅਤੇ ਅੱਜ ਦਾ ਪ੍ਰੋਗਰਾਮ ਸੰਪੂਰਨ ਹੋਇਆ।

**30 ਜੁਲਾਈ 2018,** ਲਾਸ ਏਂਜਲਸ-ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਗੁਰਸ਼ਰਨ ਸਿੰਘ ਗੁੱਸ਼ੀ, ਕਿਰਪਾਲ ਸਿੰਘ ਪਨੇਸਰ, ਗੁਰਦਿੱਤ ਸਿੰਘ, ਬਲਵੰਤ ਸਿੰਘ ਬਾਸੁਰੀ ਨੇ ਕੀਤਾ। ਆਸਾ ਦੀ ਵਾਰ ਉਪਰੰਤ ਐਲ. ਏ. ਦੀ ਸੰਗਤ ਵਲੋਂ ਸੰਤ ਗੁਰਦੇਵ ਸਿੰਘ, ਸੁਬੇਗ ਸਿੰਘ ਆਦਿ ਮੁਖੀ ਸੱਜਣਾਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਦਰਸ਼ਨ ਭੇਟ ਕਰ ਫੇਰ ਵੀ ਛੇਤੀ ਦਰਸ਼ਨ ਦੇਣ ਵਾਸਤੇ ਬੇਨਤੀ ਕੀਤੀ। ਕੁਝ ਸਮਾਂ ਬੱਚਿਆਂ ਦਾ ਪ੍ਰੋਗਰਾਮ ਗਾਇਨ, ਕੀਰਤਨ ਅਤੇ ਭਾਸ਼ਨ ਵਗੈਰਾ ਹੋਏ। ਕਰੀਬ ਛੇ ਤੋਂ ਅੱਠ ਸਾਲ ਦੇ ਬੱਚਿਆਂ-ਗਿਆਨ ਸਿੰਘ, ਧਿਆਨ ਕੌਰ, ਨਿਸ਼ਾਨ ਸਿੰਘ, ਸਤਨਾਮ ਸਿੰਘ ਆਦਿ ਨੇ ਸ਼ਬਦ 'ਠਾਕੁਰ ਤੁਮ ਸਰਣਾਈ ਆਇਆ' ਗਾਇਨ ਕੀਤਾ। ਸ਼ਮਸ਼ੇਰ ਸਿੰਘ ਜੀ ਨੇ ਤਬਲੇ ਤੇ ਸੰਗਤ ਕੀਤੀ।

-ਕਾਕਾ ਨਿਹਾਲ ਸਿੰਘ ਸਪੁੱਤਰ ਨਵਦੀਪ ਸਿੰਘ ਨੇ ਧਰੂ ਭਗਤ ਦੀ ਸਾਖੀ ਸੁਣਾਈ।

-ਕੁਝ ਵਿਸ਼ੇਸ਼ ਸੱਜਣਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਸਿਰੋਪਾਓ ਦੇ ਕੇ ਨਿਵਾਜਿਆ।

ਨੌਜੁਆਨ ਸ਼ਮਸ਼ੇਰ ਸਿੰਘ ਨੇ ਬੜੇ ਪ੍ਰੇਮ ਪਰੁੱਚੇ ਸ਼ਬਦਾਂ ਨਾਲ ਸ੍ਰੀ ਸਤਿਗੁਰੂ ਜੀ ਅਤੇ ਨਾਲ ਆਏ ਜਥੇ ਦਾ ਕੋਟਾਨ ਕੋਟ ਧੰਨਵਾਦ ਕੀਤਾ। ਮੁੜ ਛੇਤੀ ਦਰਸ਼ਨ ਦੇਣ ਵਾਸਤੇ ਬੇਨਤੀ ਕੀਤੀ। ਏਥੋਂ ਦੀ ਸੰਗਤ ਨੂੰ ਹਫਤਾਵਾਰੀ ਪ੍ਰੋਗਰਾਮ ਵਿੱਚ ਆਉਂਦੇ ਰਹਿਣ ਲਈ ਬੇਨਤੀ ਕੀਤੀ। ਤ੍ਰਿਲੋਚਨ ਸਿੰਘ ਦੀ ਬੇਟੀ ............. ਨੂੰ ਉਸਦੀ ਮਾਤਾ ਨੇ ਨਾਮ ਦੀ ਬਖਸ਼ਿਸ਼ ਕਰਨ ਵਾਸਤੇ ਬੇਨਤੀ ਕੀਤੀ। ਫੇਰ ਕੁਝ ਹੋਰ ਮਾਪਿਆਂ ਨੇ ਵੀ ਆਪਣੇ ਬੱਚਿਆਂ ਨੂੰ ਭਜਨ ਪੁਛਾਇਆ। ਏਥੇ ਹਾਲ ਵਿੱਚ ਹੀ ਸੰਗਤਾਂ ਨੇ ਲੰਗਰ ਛਕਿਆ। ਘਰ ਵਾਲਿਆਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਦਸਵੰਧ ਭੇਟਾ ਕੀਤੀ, ਤਸਵੀਰਾਂ ਵੀ ਖਿਚਵਾਈਆਂ। ਹੇਠਾਂ ਲੌਬੀ ਵਿੱਚ ਐਲ. ਏ. ਦੀ ਸੰਗਤ ਇਕੱਤਰ ਸੀ। ਸ੍ਰੀ ਸਤਿਗੁਰੂ ਜੀ ਸੋਫੇ ਤੇ ਬਿਰਾਜੇ, ਸਭ ਨੇ ਚਰਨ ਪਰਸੇ, ਸਭ ਨੂੰ ਖੁਸ਼ੀਆਂ ਬਖਸ਼ੀਆਂ।

ਅਮਰੀਕਾ, ਕਨੇਡਾ ਦੌਰੇ ਦਾ ਪਹਿਲਾ ਪੜਾਅ ਲਾਸ ਏਂਜਲਸ ਦਾ ਮੇਲਾ ਬੜੀਆਂ ਹੀ ਖੁਸ਼ੀਆਂ ਭਰਿਆ ਸੰਪੂਰਨ ਹੋਇਆ। ਸ੍ਰੀ ਸਤਿਗੁਰੂ ਜੀ ਨਾਲ ਮਾਤਾ ਗੁਰਸ਼ਰਨ ਕੌਰ ਜੀ, ਸੇਵਕ ਕਰਤਾਰ ਸਿੰਘ, ਅੰਮ੍ਰਿਤਪਾਲ ਸਿੰਘ ਕੱਲਾ, ਐਲ. ਏ. ਤੋਂ ਸੈਨ ਹੋਜੇ ਵਾਸਤੇ ਰਵਾਨਾ ਹੋ ਏ। ਬਾਕੀ ਸੰਗਤਾਂ, ਰਾਗੀ ਸਿੰਘ ਕੁਝ ਸਮਾਂ ਬਾਅਦ ਦੋ ਸਿੰਘਾਂ ਦੇ ਘਰ ਵੈਨਾਂ ਤੇ ਰਵਾਨਾ ਹੋਏ। ਸ੍ਰੀ ਸੁਤਿਗੁਰੂ ਜੀ ਰਸਤੇ ਵਿੱਚ ਫਰਿਜ਼ਨੋ ਸ੍ਰ. .................. ਸਿੰਘ ਦੇ ਘਰ ਚਰਨ ਪਾਏ। ਏਥੇ ਹੀ ਪੰਜਾਬੀ ਦੇ ਪ੍ਰਸਿੱਧ ਲੇਖਕ, ਇਤਿਹਾਸਕਾਰ ਵਿਦਵਾਨ ਸ, ਗੁਰੂਮੇਲ ਸਿੰਘ ਜੀ ਨੇ ਵੀ ਚਰਨ ਪਰਸੇ। ਸ੍ਰ. ਗੁਰੂਮੇਲ ਸਿੰਘ ਏਥੇ ਅਮਰੀਕਾ ਵਿੱਚ ਹੀ ਫਿਜ਼ਿਕਸ ਦੇ ਪ੍ਰੋਫੈਸਰ ਰਹੇ ਹਨ, ਹੁਣ ਰਿਟਾਇਰਡ ਹਨ। ਅੱਜਕਲ ਅਜ਼ਾਦੀ ਘੁਲਾਟੀਆਂ ਦਾ ਇਤਿਹਾਸ ਲਿਖ ਰਹੇ ਹਨ। ਜਿਸ ਵਿੱਚ ਨਾਮਧਾਰੀ ਸ਼ਹੀਦਾਂ ਬਾਰੇ ਲਿਖਣ ਲਈ ਅਧਿਐਨ ਕਰ ਰਹੇ ਹਨ। ਸ੍ਰੀ ਸਤਿਗੁਰੂ ਜੀ ਨਾਲ ਡਾਕਟਰ ਸਾਹਿਬ ਨੇ ਕੁਝ ਸਮਾਂ ਇਤਿਹਾਸ, ਧਰਮ ਅਤੇ ਪੰਜਾਬੀਆ ਬਾਰੇ ਵਿਚਾਰ ਵਟਾਂਦਰਾ ਕੀਤਾ। ਉਪਰੰਤ ਸ੍ਰੀ ਸਤਿਗੁਰੂ ਜੀ ਸਾਨਫਰਾਂਸਿਸਕੋ ਸ੍ਰ. ਅੰਮ੍ਰਿਤਪਾਲ ਸਿੰਘ ਜੀ ਦੇ ਘਰ ਪੁੱਜੇ। ਸ਼ਾਮ ਨੂੰ 5-6 ਵਜੇ ਤੱਕ ਸੰਤ ਹਜ਼ੂਰਾ ਸਿੰਘ ਜੀ ਦੇ ਘਰ ਬਣੇ ਪੰਡਾਲ ਵਿੱਚ ਨਾਮ ਸਿਮਰਨ ਹੋਇਆ। ਰਾਗੀ ਸਿੰਘਾਂ ਕੀਰਤਨ ਕੀਤਾ।

**31 ਜੁਲਾਈ 2018,** ਸੈਨਹੋਜ਼ੇ- ਆਸਾ ਦੀ ਵਾਰ ਦਾ ਕੀਰਤਨ ਸੰਤ ਹਜ਼ੂਰਾ ਸਿੰਘ ਦੇ ਗ੍ਰਹਿ ਵਿਖੇ ਹਜ਼ੂਰੀ ਰਾਗੀ ਜਥੇ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਕਿਰਪਾਲ ਸਿੰਘ, ਗੁਰਦਿੱਤ ਸਿੰਘ, ਗੁਰਸ਼ਰਨ ਸਿੰਘ ਨੇ ਕੀਤਾ। ਆਸਾ ਦੀ ਵਾਰ ਉਪਰੰਤ ਸ. ਅੰਮ੍ਰਿਤਪਾਲ ਸਿੰਘ ਕੱਲਾ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਅਤੇ ਸੋਧੀ ਸਿੰਘਾਂ ਲੰਗਰ ਛਕਿਆ ਅਤੇ ਫੇਰ ਕੁਝ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ-

1. -ਸ੍ਰ. ਬਲਦੇਵ ਸਿੰਘ (ਸੰਤ ਗੁਰਦੇਵ ਸਿੰਘ ਜੀ ਦੇ ਭਤੀਜੇ) ਦੇ ਘਰ ਕਿਰਪਾ ਕੀਤੀ।

ਸ੍ਰੀ ਸਤਿਗੁਰੂ ਜੀ ਪੁੱਛਿਆ, "ਕਿੰਨੇ ਬੱਚੇ ਹਨ?"

"ਗਰੀਬ ਨਿਵਾਜ ਚਾਰ ਗੁੱਡੀਆਂ ਹਨ- ਦੋ ਵਿਆਹੀਆਂ ਹਨ।" ਬੀਬੀ ਹਰਜੀਤ ਨੇ ਅਰਜ਼ ਕੀਤੀ ਅਤੇ ਇਹ ਵੀ ਬੇਨਤੀ ਕੀਤੀ ਕਿ ਪਾਤਸ਼ਾਹ ਜੀ ਕਿਰਪਾ ਕਰੋ ਘਰ 'ਚ ਸੁੱਖ ਸ਼ਾਂਤੀ ਰਹੇ ਅਤੇ ਵਿਹਾਰ 'ਚ ਬਰਕਤ ਬਖਸ਼ੋ।

ਸ੍ਰੀ ਸਤਿਗੁਰੂ ਜੀ ਫੁਰਮਾਇਆ- "ਘਰ 'ਚ ਸਿੱਖੀ ਹੋਵੇ, ਭਜਨ ਬਾਣੀ ਕਰੋ ਤਾਂ ਬਖਸ਼ਿਸ਼ ਆਪੇ ਹੁੰਦੀ ਹੈ।"

-ਦਿਆਲ ਸਿੰਘ ਸਪੁੱਤਰ ਸੰਤ ਦਵਿੰਦਰ ਸਿੰਘ ਦੀ ਵੱਡੀ ਗੱਡੀ ਪਿੱਕਾ 'ਚ ਚਰਨ ਪਾਏ।

2. ਉਪਰੰਤ ਸੰਤ ਦਵਿੰਦਰ ਸਿੰਘ ਜੀ ਦੇ ਘਰ ਚਰਨ ਪਾਏ। ਸਾਰੇ ਪਰਵਾਰ ਨੇ ਚਰਨਾਂ 'ਚ ਬੈਠ ਕੇ ਫੋਟੋਆਂ ਖਿਚਵਾਈਆਂ ਤੇ ਅਰਜ਼ਾਂ ਬੇਨਤੀਆਂ ਕੀਤੀਆਂ। ਬੀਬੀ ਸ਼ਾਮ ਕੌਰ ਸੁਪਤਨੀ ਗੁਰਿੰਦਰ ਸਿੰਘ ਭਾਰਤੀ ਨੇ ਅਰਜ਼ ਕੀਤੀ: "ਗਰੀਬ ਨਿਵਾਜ ਕਿਰਪਾ ਕਰੋ ਸੁਪਨੇ ਬੜੇ ਭੈੜੇ ਆਉਂਦੇ ਹਨ।" ਗਰੀਬ ਨਿਵਾਜ ਬਚਨ ਕੀਤਾ, "ਰਾਤ ਨੂੰ ਪੈਰ ਧੋ ਕੇ, ਕੀਰਤਨ ਸੋਹਿਲੇ ਦਾ ਪਾਠ ਕਰਕੇ ਸੌਂਇਆ ਕਰੋ।"

-ਕਾਕਾ ਕੁਲਵੰਤ ਸਿੰਘ ਸਪੁੱਤਰ ਕੁਲਬੀਰ ਸਿੰਘ ਨੂੰ ਗਰੀਬ ਨਿਵਾਜ ਬਚਨ ਕੀਤਾ. "ਕੋਸ਼ਿਸ਼ ਕਰੋ, ਨੀਲੇ ਕਾਲੇ ਰੰਗ ਤੋਂ ਪ੍ਰਹੇਜ਼ ਕਰਿਆ ਕਰੋ।" ਕਾਕੇ ਨੇ ਅਰਜ਼ ਕੀਤੀ, "ਪਾਤਸ਼ਾਹ ਜੀ ਏਥੇ ਜਿਆਦਾ ਮਿਲਦੇ ਹੀ ਨੀਲੇ ਕਾਲੇ ਰੰਗ ਹਨ।" ਪਾਤਸ਼ਾਹ ਜੀ ਆਖਿਆ, "ਤੂੰ ਪਰਹੇਜ਼ ਕਰਨ ਦਾ ਮਨ ਬਣਾ, ਮੈਂ ਤੈਨੂੰ ਨੀਲੇ ਕਾਲੇ ਤੋਂ ਬਿਨਾਂ ਲੱਭ ਦਿਆ ਕਰਾਂਗਾ।" ਘਰ ਪਰਵਾਰ ਬਾਰੇ, ਵਿਹਾਰ ਬਾਰੇ ਪੁੱਛਿਆ ਅਤੇ ਭਜਨ ਬਾਣੀ ਕਰਨ ਦੀ ਪ੍ਰੇਰਨਾ ਦਿੱਤੀ।

3. ਤੀਸਰੇ ਘਰ ਬੀਬੀ ਮਨਪ੍ਰੀਤ ਕੌਰ ਦੇ ਗ੍ਰਹਿ ਵਿਖੇ ਕਿਰਪਾ ਕੀਤੀ। ਬੀਬੀ ਦੀਆਂ ਦੋ ਬੇਟੀਆਂ-ਰਾਬਿਆ ਅਤੇ ਸੁਖਮਣੀ ਹਨ। ਹੁਕਮ ਅਨੁਸਾਰ ਪਰਮਜੀਤ ਸਿੰਘ ਨੇ ਦੋਹਾਂ ਬੇਟੀਆਂ ਅਤੇ ਬੀਬੀ ਨੂੰ ਭਜਨ ਦੱਸਿਆ। ਗਰੀਬ ਨਿਵਾਜ ਨੇ ਰੋਜ਼ਾਬਾ ਇਕ ਘੰਟਾ ਨਾਮ ਸਿਮਰਨ ਕਰਨ ਲਈ ਹੁਕਮ ਕੀਤਾ।

4. ਪਰਮਜੀਤ ਸਿੰਘ ਦੇ ਬੇਟੇ -ਹਰਜੀਤ ਸਿੰਘ ਅਤੇ ਨਵਜੀਤ ਸਿੰਘ ਦੇ ਨਵੇਂ ਤਿਆਰ ਹੋ ਰਹੇ ਦਫਤਰ ਵੇਅਰ ਹਾਊਸ, ਕੰਪਿਊਟਰ ਲੈਬ ਵਿੱਚ ਚਰਨ ਪਾਏ ਅਤੇ ਫੇਰ ਨਵੀਂ ਖਰੀਦੀ ਜਗ੍ਹਾ ਤੇ ਕਿਰਪਾ ਕੀਤੀ। ਪਰਮਜੀਤ ਸਿੰਘ ਨੇ ਅਰਜ਼ ਕੀਤੀ ਕਿ ਪਾਤਸ਼ਾਹ ਜੀ ਉਹ ਦਫਤਰ, ਵੇਅਰ ਹਾਊਸ ਆਦਿ ਕਿਰਾਏ ਤੇ ਹੈ ਹੁਣ ਇਸ ਪਲਾਟ ਵਿੱਚ ਆਪਣੀ ਬਿਲਡਿੰਗ ਬਣਾਵਾਂਗੇ।

5. ਹਰਜੀਤ ਸਿੰਘ ਦੇ ਗ੍ਰਹਿ ਵਿਖੇ ਕਿਰਪਾ ਕੀਤੀ। ਉਸਦੇ ਸਹੁਰਾ ਪਰਵਾਰ ਵੀ ਆਏ ਹੋਏ ਸਨ। ਇਹ ਕਾਕਾ, ਪਰਮਜੀਤ ਸਿੰਘ ਦਾ ਵੱਡਾ ਲੜਕਾ ਖੁੱਲ੍ਹੇ ਪਰਵਾਰ ਵਿੱਚ ਵਿਆਹਿਆ ਹੈ। ਗਰੀਬ ਨਿਵਾਜ ਨੇ ਹਰਜੀਤ ਸਿੰਘ ਅਤੇ ਉਸਦੀ ਘਰਵਾਲੀ ਬੀਬੀ ਨੂੰ ਹੁਕਮ ਕੀਤਾ, "ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਉੱਠ ਕੇ, ਸਣੇਕੇਸੀਂ ਇਸ਼ਨਾਨ ਕਰਕੇ, ਨਾਮ ਸਿਮਰਨ ਕਰਕੇ ਫੇਰ ਅਰਦਾਸ ਕਰਕੇ ਕੰਮ ਤੇ ਜਾਇਆ ਕਰੋ। ਜਿੰਨਾਂ ਜ਼ਰੂਰੀ ਆਪਣਾ ਕੰਮ ਵਿਹਾਰ ਸਮਝਦੇ ਹੋ, ਨਾਮ ਸਿਮਰਨ ਕਰਨਾ ਓਨਾਂ ਜ਼ਰੂਰੀ ਹੀ ਸਮਝੋ।

6. ਪਰਮਜੀਤ ਸਿੰਘ ਦੇ ਘਰ ਚਰਨ ਪਾਏ। ਇਨ੍ਹਾਂ ਦੀ ਧਰਮ ਪਤਨੀ ਸੂਬਾ ਮਹਿੰਦਰ ਕੌਰ ਦੀ ਸਪੁੱਤਰੀ ਹੈ।

ਕਾਕਾ ਨਵਜੀਤਪਾਲ ਸਿੰਘ ਅਜੇ ਅਣਵਿਆਹਿਆ ਹੈ।

7. ਸੁਰਜੀਤ ਸਿੰਘ (ਪਰਮਜੀਤ ਸਿੰਘ ਦੇ ਭਰਾ) ਘਰ ਚਰਨ ਪਾਏ। ਪੁੱਤਰ ਸੰਤਪ੍ਰੀਤ ਸਿੰਘ ਹੈ। ਦੋਹਾਂ ਦੀਆਂ ਦਾੜ੍ਹੀਆਂ ਟਰਿੰਮ ਕੀਤੀਆਂ ਹੋਈਆਂ ਸਨ। ਪਾਤਸ਼ਾਹ ਜੀ ਬੜੇ ਪ੍ਰੇਮ ਨਾਲ ਸਮਝਾਇਆ. "ਦਾੜ੍ਹੀਆਂ ਠੀਕ ਕਰਨ ਦੀ ਕੋਸ਼ਿਸ਼ ਕਰੋ, ਤੁਸੀਂ ਤਿੰਨੇ ਹੀ ਹੋ ਘਰ ਵਿੱਚ, ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਨਾਮ ਜਪ ਕੇ, ਅਰਦਾਸ ਕਰਕੇ ਕੰਮਾਂ ਤੇ ਜਾਇਆ ਕਰੋ। ਛੋਟਾ ਜਿਹਾ ਕੰਮ ਹੈ ਏਨਾਂ ਜ਼ਰੂਰ ਕਰਿਆ ਕਰੋ।

8. ਸ. ਰਣਜੀਤ ਸਿੰਘ (ਲਸਾੜਾ) ਦੇ ਭਰਾ ਕੁਲਵਿੰਦਰ ਸਿੰਘ ਦੇ ਘਰ ਚਰਨ ਪਾਏ। ਕਲੀਨ ਸ਼ੇਵ ਹੈ। ਪਰ ਹੈ ਬਹੁਤ ਸ਼ਰਧਾਲੂ ਅਤੇ ਸਨਿਮਰ ਸੁਭਾ ਵਾਲਾ ਗੁਰਮੁਖ ਸਿੱਖ। ਚਰਨਾਂ ਵਿੱਚ ਹਾਜ਼ਰ ਸਨ ਪਤਨੀ, ਕੁਲਵਿੰਦਰ ਸਿੰਘ, ਪੁੱਤਰ ਪ੍ਰੇਮ ਅਤੇ ਮੇਹਰ ਅਤੇ ਪੁੱਤਰੀਆਂ ਹਰਸ਼ ਅਤੇ ਮਿਲਨ। ਰਣਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਹੀ ਹਰ ਵਰ੍ਹੇ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਸੇਵਾ ਕਰਦੇ ਹਨ। ਸ੍ਰੀ ਸਤਿਗੁਰੂ ਜੀ ਨੇ ਸਾਰੇ ਪਰਵਾਰ ਨੂੰ ਹੁਕਮ ਕੀਤਾ-

"ਤੁਸੀਂ ਕੰਮਾਂ ਤੇ ਜਾਂਦੇ ਹੋ, ਸਵੇਰੇ ਇਸ਼ਨਾਨ ਕਰਕੇ, ਨਾਮ ਜਪ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਫੋਟੋ ਅੱਗੇ ਅਰਦਾਸ ਕਰਕੇ ਫੇਰ ਕੰਮਾਂ ਤੇ ਜਾਇਆ ਕਰੋ। ਨਾਮ ਸਿਮਰਨ ਕਰਨ ਵੇਲੇ ਮਨ 'ਚੋਂ ਸਾਰੇ ਖਿਆਲ, ਕੰਮਾਂ ਦੀ ਚਿੰਤਾ ਦੇ, ਈਰਖਾ ਦ੍ਵੈਸ਼ ਕੱਢ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਮੂਰਤ ਹਿਰਦੇ ਵਿੱਚ ਵਸਾ ਕੇ ਸਿਮਰਨ ਕਰਿਆ ਕਰੋ।" ਰਾਤ ਨੂੰ ਸੌਣ ਲੱਗੇ ਵੀ ਅਰਦਾਸ ਕਰਕੇ ਸੌਂਇਆ ਕਰੋ। ਛੋਟੇ ਬੱਚਿਆਂ ਨੂੰ ਕਰਤਾਰ ਸਿੰਘ ਨੇ ਭਜਨ (ਗੁਰਮੰਤ੍ਰ) ਦੱਸਿਆ। ਗਰੀਬ ਨਿਵਾਜ ਸਮਝਾਇਆ। ਨਾਮ ਜਪਣ ਵੇਲੇ ਠੀਕ ਪਰਨਾਊਂਸ (ਉਚਾਰਨ) ਹੋਣਾ ਚਾਹੀਦਾ ਹੈ। ਪਾਤਸ਼ਾਹ ਜੀ ਬਚਨ ਕੀਤਾ, "ਦੋਹਾਂ ਭਰਾਵਾਂ ਤੇ ਬੜੀ ਕਿਰਪਾ ਹੈ, ਸੇਵਾ ਕਰਦੇ ਹਨ, ਵਿਖਾਵਾ ਨਹੀਂ ਕਰਦੇ।"

ਅੱਜ ਸ਼ਾਮ ਨੂੰ 6 ਤੋਂ 7 ਵਜੇ ਤੱਕ ਨਾਮ ਸਿੰਰਨ ਸੰਤ ਹਜ਼ੂਰਾ ਸਿੰਘ ਜੀ ਦੇ ਗ੍ਰਹਿ ਵਿਖੇ ਹੀ ਹੋਇਆ। ਏਸੇ ਦੌਰਾਨ ਸੰਤ ਨਿਸ਼ਾਨ ਸਿੰਘ ਜੀ ਨੇ ਮੁੰਦਾਵਣੀ ਮ:5 ਦੇ ਸ਼ਬਦ 'ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖ ਵੀਚਾਰੋ॥' ਦੀ ਵਿਆਖਿਆ ਦੀ ਕਥਾ ਕੀਤੀ। ਸਤੁ - ਸੱਚ ਅਤੇ ਸੰਤੋਖ ਆਦਿ ਗੁਣਾਂ ਬਾਰੇ, ਪੁਰਾਤਨ ਸਿੱਖਾਂ ਦੇ ਉੱਚ ਆਚਰਣ ਬਾਰੇ ਬਹੁਤ ਵਿਸਥਾਰ ਅਤੇ ਵਿਧਵਤਾ ਪੂਰਵਕ ਗੁਰਬਾਣੀ ਦੇ ਪ੍ਰਮਾਣਾਂ ਨਾਲ ਸਮਝਾਇਆ। 'ਜੇ ਕੋ ਖਾਵੈ ਜੇ ਕੋ ਭੁੰਚੈ' ਜੋ ਨਾਮ ਜਪਦਾ ਭਾਵ ਨਾਮ ਰੂਪੀ ਅੰਮ੍ਰਿਤ ਪਦਾਰਥ ਖਾਂਦਾ ਹੈ ਅਤੇ ਉਸਦਾ ਸਵਾਦ ਲੈਂਦਾ ਹੈ, 'ਤਿਸਕਾ ਹੋਇ ਉਧਾਰੋ' 'ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥' ਅਗਿਆਨ ਦੇ ਅੰਧਕਾਰ 'ਚੋਂ ਸਤਿਗੁਰੂ ਦੀ ਚਰਨੀ ਲਗ ਕੇ ਹੀ ਤਰਿਆ ਜਾ ਸਕਦਾ ਹੈ। ਇਸ ਗੁਰਮਤ ਦੀ ਵਿਧੀ ਅਨੁਸਾਰ ਹੀ ਨਾਮ ਜਪਿਆਂ ਸਭ ਪਾਸੇ ਬ੍ਰਹਮ ਦਾ, ਪਰਮੇਸ਼ਰ ਦਾ ਪਸਾਰਾ ਹੀ ਨਜ਼ਰ ਆਉਂਦਾ ਹੈ।

ਕਥਾ, ਨਾਮ ਸਿਮਰਨ ਉਪਰੰਤ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਵਿੱਚ ਸ਼ਬਦ ਗਾਇਨ ਕੀਤੇ। ਪਹਿਲਾ ਦਸਮ ਪਾਤਸ਼ਾਹ ਦਾ ਸ਼ਬਦ-

ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ
ਗਰੀਬ ਨਿਵਾਜ ਨ ਦੂਸਰ ਤੋ ਸੋ॥

ਦੂਸਰਾ ਭਗਤ ਕਬੀਰ ਜੀ ਦਾ ਸ਼ਬਦ-

ਅਬ ਕੀ ਬਾਰ ਬਖਸਿ ਬੰਦੇ ਕਉ
ਬਹੁਰਿ ਨ ਭਉਜਲਿ ਫੇਰਾ॥

ਅੱਜ ਸ਼ਾਮ ਦੇ ਦੀਵਾਨ ਵਿੱਚ ਏਥੋਂ ਦੇ ਗੁਰਦੁਆਰਾ ਸਾਹਿਬ ਤੋਂ ਆਏ ਕੁਝ ਪਤਵੰਤੇ ਸੱਜਣਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਸਿਰੋਪਾਓ ਬਖਸ਼ਿਸ਼ ਕੀਤੇ -

ਸਤਿਕਾਰਤ ਗੁਰਸਿੱਖ-

ਸ. ਗੁਰਦੀਪ ਸਿੰਘ ਅਣਖੀ

-ਸ. ਸਰਬਜੋਤ ਸਿੰਘ ਸਵੱਦੀ ਸਾਹਿਬ

-ਸ. ਗੁਰਦੇਵ ਸਿੰਘ ਕਲਸੀ

-ਸ. ਇੰਦਰਜੀਤ ਸਿੰਘ ਥਿੰਦ

**ਚੱਲਦਾ..........................**

# ਪ੍ਰਤੀਕਿਰਿਆ

**ਐਡੀਟੋਰੀਅਲ ਬੋਰਡ "ਸਤਿਜੁਗ" ਸ੍ਰੀ ਭੈਣੀ ਸਾਹਿਬ (ਪੰਜਾਬ)**- ਸਤਿਜੁਗ ਨੂੰ ਨਵੇਂ ਰੂਪ ਵਿਚ ਵੇਖ ਕੇ ਖੁਸ਼ੀ ਹੋਈ ਤੇ ਇਹ ਵੀ ਮਹਿਸੂਸ ਹੋਇਆ ਕਿ ਸ੍ਰੀ ਅਨਜਾਣ ਜੀ ਦੇ ਸੁਰਗਵਾਸ ਤੋਂ ਬਾਅਦ ਅਤੇ ਸ੍ਰੀ ਹੰਸਪਾਲ ਜੀ ਦੀ ਵਡੇਰੀ ਉਮਰ ਕਰਕੇ ਇਹ ਸਮੇਂ ਸਿਰ ਲਿਆ ਫੈਸਲਾ ਸ਼ਲਾਘਾਯੋਗ ਹੈ। ਐਡੀਟੋਰਿਅਲ ਬੋਰਡ ਵਿਚ ਤਜ਼ਰਬੇਕਾਰ ਸਾਹਿਤਕ ਹਸਤੀਆਂ ਦੀ ਚੋਣ ਹੋਰ ਤਸੱਲੀ ਬਖ਼ਸ਼ ਹੈ। ਸਤਿਜੁਗ ਅਖ਼ਬਾਰ ਤੋਂ ਸਤਿਜੁਗ ਮੈਗ਼ਜੀਨ ਦੇ ਰੂਪ ਵਿਚ ਛਪਣ ਵਾਲੇ ਨਵੇਂ ਰੂਪ ਵਿਚ ਮੁਖ ਸਫੇ ਤੇ ਸਭ ਤੋਂ ਪਹਿਲਾਂ ਗੁਰਬਾਣੀ ਦੇ ਕਿਸੇ ਸ਼ਬਦ ਦੀ ਵਿਆਖਿਆ ਮਹਾਨ ਵਿਦਵਾਨ ਸੰਤ ਨਿਸ਼ਾਨ ਸਿੰਘ ਜੀ ਵਲੋਂ ਕੀਤੀ ਜਾਂਦੀ ਹੈ। ਬਹੁਤ ਸ਼ਲਾਘਾਯੋਗ ਤੇ ਪ੍ਰਭਾਵਸ਼ਾਲੀ ਹੈ। ਜਿਥੇ ਗੁਰਬਾਣੀ ਹੈ ਉਥੇ ਕਿੰਤੂ ਪਰੰਤੂ ਦੀ ਕੋਈ ਗੁੰਜਾਈਸ਼ ਨਹੀਂ ਰਹਿ ਜਾਂਦੀ। ਸ੍ਰੀ ਹਰਪਾਲ ਜੀ ਵਲੋਂ ਐਡੀਟੋਰਿਅਲ ਰਿਪੋਰਟ ਬੜੀ ਮਿਹਨਤ ਅਤੇ ਤੱਥ-ਭਰਪੂਰ ਹੁੰਦੀ ਹੈ ਜੋ ਨਾਮਧਾਰੀ ਪਿਛੋਕੜ ਵਾਲੇ ਸਾਹਿਤਕ ਹਸਤੀਆਂ ਦੀਆਂ ਲਿਖਤਾਂ ਵਿਚੋਂ ਲਈ ਹੁੰਦੀ ਹੈ।

ਪਾਕਿਸਤਾਨੀ ਲੇਖਕਾਂ/ਕਹਾਣੀਕਾਰਾਂ ਵਲੋਂ ਲਿਖਤਾਂ 1947 ਦੀ ਵੰਡ ਦਾ ਸੰਤਾਪ ਬੜਾ ਦਿਲ ਨੂੰ ਹਿਲਾ ਦੇਣ ਵਾਲਾ ਜੋ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਮੁਖ ਰੂਪ ਵਿਚ ਹਿੰਦੂ, ਸਿਖਾਂ ਤੇ ਮੁਸਲਮਾਨ ਭਰਾਵਾਂ ਨੇ ਭੋਗਿਆ ਹੈ। ਪੜ੍ਹ ਕੇ ਲੂੰ-ਕੰਡੇ ਖੜੇ ਹੋ ਜਾਂਦੇ ਹਨ। ਸ੍ਰੀ ਤਾਹਿਰ ਮਹਿਮੂਦ ਜੋ ਕਿ ਸ੍ਰੀ ਭੈਣੀ ਸਾਹਿਬ ਵੀ ਆਏ ਸਨ ਉਹਨਾਂ ਨੂੰ ਪੰਜਾਬੀ ਸੱਥ ਵਲੋਂ ਡਾ: ਲਖਬੀਰ ਸਿੰਘ, ਸੇਵਕ ਹਰਪਾਲ ਸਿੰਘ ਜੀ ਅਤੇ ਮੇਰੇ ਵਲੋਂ ਉਚੇਚੇ ਤੌਰ ਤੇ ਅਟੈਚ ਕੀਤਾ ਗਿਆ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸੰਗਤ ਨੂੰ ਸੰਬੋਧਨ ਵੀ ਹੋਏ ਸਨ। ਜੋ ਦੋਹਾਂ ਦੇਸ਼ਾਂ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਲੋਕਾਂ ਦੀਆਂ ਦਿਲੀ ਸਾਂਝੀਵਾਲਤਾ ਦੀਆਂ ਭਾਵਨਾਵਾਂ ਦੇ ਤਰਕਮਾਨ ਤੇ ਹਾਮੀ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਥਾਈਲੈਂਡ ਦੇ ਦੌਰਿਆਂ ਦੀਆਂ ਰਿਪੋਰਟਾਂ ਪੜ੍ਹਿਆਂ ਉਥੋਂ ਦੇ ਵਾਸੀਆਂ ਦੇ ਵਡੇਰਿਆਂ ਦੀਆ ਪੁਰਾਣੀਆਂ ਯਾਦਾਂ ਚੇਤੇ ਕਰਕੇ ਹੋਰ ਸਕੂਨ ਤੇ ਮਾਣ ਜ਼ਰੂਰ ਮਿਲਦਾ ਹੈ। ਸ੍ਰ: ਸੁਵਰਨ ਸਿੰਘ ਵਿਰਕ ਜੀ ਦੇ ਲੇਖ ਵਰਿਆਮ ਅਤੇ ਸਤਿਜੁਗ ਦਾ ਸ਼ਿੰਗਾਰ ਹੁੰਦੇ ਹਨ।

ਮੇਰੀ ਨਿੱਜੀ ਤੌਰ ਤੇ ਬੇਨਤੀ ਹੈ ਕਿ ਜੇ ਸ੍ਰੀ ਸਤਿਗੁਰੂ ਜੀ ਵਲੋਂ ਪ੍ਰਵਾਨਗੀ ਮਿਲ ਜਾਵੇ ਤਾਂ ਸਤਿਜੁਗ ਨੂੰ ਹਫਤਾਵਾਰੀ ਦੀ ਥਾਂ ਪੰਦਰਵਾੜਾ ਕਰ ਦਿੱਤਾ ਜਾਵੇ।

ਧੰਨਵਾਦ ਸਹਿਤ

**ਗੁਰਮੁਖ ਸਿੰਘ ਸ਼ਾਹ, ਮਾਨਸਾ -98876183188**

# ਪ੍ਰਤੀਕਿਰਿਆ

**ਸਤਿਜੁਗ ਦਾ ਨਵੇਕਲਾ ਸਰੂਪ**

ਪਿਛਲੀ ਇਕ ਸਦੀ ਤੋਂ ਕਾਰਗਜ਼ਸ਼ੀਲ ਅਖ਼ਬਾਰ ਸਤਿਜੁਗ ਦਾ ਨਵੇਕਲਾ ਸਰੂਪ ਅਤਿ ਸੁੰਦਰ ਤੇ ਸ਼ਲਾਘਾਯੋਗ ਕਾਰਜ਼ ਹੈ। ਇਸ ਕਾਰਜ਼ ਦੀ ਸੁਘੜਤਾ ਲਈ ਸਤਿਗੁਰੂ ਜੀ ਦੇ ਅਨਿੰਨ ਸਿੱਖ ਸੇਵਕ ਤੇ ਸੇਵਾਦਾਰ ਵਧਾਈ ਦੇ ਪਾਤਰ ਹਨ। ਅਖ਼ਬਾਰ ਤੋਂ ਰਸਾਲੇ ਦੇ ਰੂਪ ਵਿਚ ਆਉਣ ਕਰਕੇ ਇਸ ਵਿਚਲੀ ਸਮੱਗਰੀ ਦਾ ਵਧਣਾ ਲਾਜ਼ਮੀ ਸੀ ਅਤੇ ਇਹ ਬਹੁਤ ਜਰੂਰੀ ਵੀ ਸੀ। ਨਾਮਧਾਰੀ ਪੰਥ ਦੀਆਂ ਬੇਸ਼ਕੀਮਤੀ ਲਿਖਤਾਂ ਜਿਨ੍ਹਾਂ ਤੋਂ ਆਮ ਪਾਠਕ ਅਜੇ ਵਿਰਵੇ ਸਨ, ਨੂੰ ਬਹੁਤ ਸਹਿਜ ਨਾਲ ਤੇ ਲੜੀਵਾਰ ਹੁਣ ਛਾਪਿਆ ਜਾ ਸਕਦਾ ਹੈ। ਇਸ ਰਸਾਲੇ ਦੇ ਸੰਪਾਦਕ ਸੇਵਕ ਹਰਪਾਲ ਸਿੰਘ ਨੂੰ ਵਧਾਈ ਦਿੰਦਿਆਂ ਉਹਨਾਂ ਦੀ ਮਿਹਨਤ ਤੇ ਲਗਨ ਲਈ ਮੈਂ ਧੰਨਵਾਦ ਵੀ ਕਰਦਾ ਹਾਂ। ਰਸਾਲੇ ਵਿਚ ਹਰ ਚੀਜ਼ ਥਾਂ ਪਰ ਥਾਂ ਰਖਣਾ ਜਿਵੇਂ ਉਪਦੇਸ਼, ਗੁਰਬਾਣੀ ਵਿਚਾਰ, ਪੁਰਾਤਨ ਲਿਖਤਾਂ, ਅਜੋਕੀ ਲਿਖਤ ਤੇ ਗਤੀਵਿਧੀਆਂ ਸਮੇਤ ਤਸਵੀਰਾਂ ਦੇ ਸਭ ਕੁਝ ਬਹੁਤ ਜਚਦੇ ਹਨ। ਇਸ ਸਭ ਸਮੱਗਰੀ ਨਾਲ ਲਬਰੇਜ਼ ਰਸਾਲਾ ਸਤਿਜੁਗ ਸਾਂਭਣ ਯੋਗ ਵਸਤੂ ਬਣ ਗਿਆ ਹੈ। ਮੈਂ ਸਤਿਗੁਰੂ ਜੀ ਦੇ ਚਰਨਾਂ ਤੇ ਨਤਮਸਤਕ ਹੁੰਦਾ ਹੋਇਆ ਸਤਿਜੁਗ ਦੀ ਸਦਾ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹਾਂ।

**ਗੁਰਸ਼ਰਨ ਸਿੰਘ (ਸਨਖਤ੍ਰਵੀ)**

**ਬੱਚਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਪੇਂਟਿੰਗ, ਕਵਿਤਾਵਾਂ, ਛੋਟੀਆਂ ਕਹਾਣੀਆਂ (ਮਿੰਨੀ) ਆਦਿ ਰਚਨਾਵਾਂ ਸਤਿਜੁਗ ਮੈਗਜ਼ੀਨ ਲਈ ਭੇਜਣ।**

**ਅਸੀਂ ਉਹਨਾਂ ਦੀਆਂ ਰਚਨਾਵਾਂ ਨੂੰ ਸਤਿਜੁਗ ਵਿੱਚ ਛਾਪ ਕੇ ਮਾਣ ਮਹਿਸੂਸ ਕਰਾਂਗੇ।**



ਸ੍ਰੀ ਜਗਜੀਤ ਮੰਦਰ, ਸ੍ਰੀ ਭੈਣੀ ਸਾਹਿਬ: ਅਖੰਡ ਪਾਠਾਂ ਦਾ ਨਿਰੰਤਰ ਪ੍ਰਵਾਹ।



ਚੰਡੀ ਦੀ ਵਾਰ ਦਾ ਪਾਠ ਕਰਦੇ ਸਿੰਘ।

Date of Publication: 24-10-2018,
Date of Posting: 25-26 Oct. 2018

RNI NO. 55658/93 Delhi Postal Regd. No. DL(W) 01/2055/18-20





Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.